ਅਜਿਤੇ ਰੰਧਾਵੇ ਦੀ ਸਾਖੀ

ਅਜਿਤੇ ਰੰਧਾਵੇ ਦੀ ਸਾਖੀ

ੴ ਸਤਿਗੁਰ ਪ੍ਰਸਾਦਿ॥

॥ਸਾਖੀ ਹੋਰ ਚਲੀ॥ ਗੋਸਟਿ ਭਾਈ ਅਜਿਤੇ ਰੰਧਾਵੇ ਨਾਲ ਹੋਈ॥ਮਹਲਾ੧॥

ਇਕ ਦਿਨ ਸ੍ਰੀ ਗੁਰੂ ਬਾਬਾ ਨਾਨਕ ਜੀ ਨਗਰ ਕਰਤਾਰ ਪੁਰ ਧਰਮਸਾਲਾ ਵਿਚ ਇਕੰਤ ਚੁਪ ਬੈਠਾ ਥਾ॥ ॥ਬਹੁਤ ਬੈਰਾਗੁ ਕੇ ਘਰਿ ਵਿਚਿ॥ ਤਿਸ ਸਮੇ ਸਿਰੀ ਰਾਗੁ ਵਿਚਿ ਸਬਦ ਗਾਂਵਦਾ ਸੀ॥

॥ਸਿਰੀ ਰਾਗੁ ਮਹਲਾ੧॥

॥ਕੋਟਿ ਕੋਟੀ ਮੇਰੀ ਆਰਜਾ ਪਉਣ ਪੀਅਣ ਅਪਵਾਉ॥
ਚੰਦ ਸੂਰਜ ਦੁਇ ਗੁਫੈ ਨ ਦੇਖਾ ਸੁਪਨੈ ਸਵਣ ਨ ਥਾਉ॥
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡ ਆਖਾ ਨਾਉ॥
ਸਾਚਾ ਨਿਰੰਕਾਰ ਨਿਜ ਥਾਉ॥ ਸੁਣਿ ਸੁਣਿ ਆਖਣ ਆਖਣਾ
ਜੇ ਭਾਵੈ ਕਰੇ ਤਮਾਉ॥੧॥ਰਹਾਉ॥ਪੰਖੀ ਹੋਇਕੈ ਜੇ
ਭਵਾ ਸੈ ਅਸਮਾਨੀ ਜਾਉ॥ ਨਜਰੀ ਕਿਸੈ ਨ ਆਵਉ ਨ
ਕਿਛੁ ਪੀਆ ਨ ਖਾਉ॥ ਭੀ ਤੇਰੀ ਕੀਮਤਿ ਨ ਪਵੈ ਹਉ
ਕੇਵਡ ਆਖਾ ਨਾਉ॥2॥ ਕੁਸ ਕਟੀਆਂ ਵਾਰ ਵਾਰ ਪੀਸਣ
ਪੀਸਾ ਪਾਉ॥ ਅਗੀ ਸੇਤੀ ਜਾਲਿਆ ਭਸਮ ਸੇਤੀ ਰਲਿ
ਜਾਉ॥ ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡ ਆਖਾ ਨਾਉ॥3॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ
ਮਸੂ ਤੋਟਿ ਨ ਆਵਈ ਲਿਖਣ ਪਉਣ ਚਲਾਉ॥ ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡ
ਆਖਾ ਨਾਉ॥੪॥

॥ ਸ੍ਰੀ ਗੁਰੂ ਬਾਬੇ ਨਾਨਕ ਜੀ ਏਹ ਸਬਦ ਗਾਵਿਆ॥ ਉਦਾਸ ਰੂਪ ਬੈਰਾਗ ਦੇ ਘਰ ਤਾਂ ਭਾਈ ਅਜਿਤੇ ਰੰਧਾਵੇ ਸੁਣਿਆ॥ ਸੁਣ ਕਰਿ ਡਰ ਗਇਆ ਭੈਮਾਨ ਹੋਇ ਕਰ ਹਜੂਰ ਸ੍ਰੀ ਗੁਰੂ ਬਾਬੇ ਅਗੇ ਹਥਿ ਜੋੜ ਕੇ ਆਇਆ ਜਾਂ ਦੇਖੈ ਤਾਂ ਸਬਦ ਕਰਕੇ ਬੈਰਾਗੁ ਕਰਦੇ ਹੈਨ ਅਰ ਬਹੁਤ ਉਦਾਸੀ ਦੇ ਘਰ ਹੈਨ ਤਾਂ ਮੱਥਾ ਟੇਕ ਕਰਿ ਬੈਠਾ॥ ਤਾਂ ਭਾਈ ਅਜਿਤਾ ਰੰਧਾਵਾ ਸ੍ਰੀ ਗੁਰੂ ਬਾਬੇ ਜੀ ਕਾ ਸੁਭਾਵ ਦੇਖ ਕਰਿ ਬਹੁਤ ਹੀ ਦਿਲਗੀਰ ਹੋਇਆ॥ਜਾ ਘੜੀਆ ਦੁਇਕ ਬੀਤੀਆ ਤਾਂ ਸਤਿਗੁਰੂ ਦਇਆਲ ਹੋਇਆ ਤਾਂ ਆਖਿਆ ਬਚਾ ਤੂੰ ਭੈਮਾਨ ਕਿਉ ਹੋਦਾ ਹੈਂ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹ ਤੇਰਾ ਬਚਨ ਸੁਣਿ ਕੇ ਬਹੁਤਿ ਮਨਿ ਵਿਚਿ ਗਿਣਤੀ ਆਈ ਹੈ॥ ਜੇ ਭਾਵੈ ਤਾ ਅਰਦਾਸ ਸੁਣੀਐ ਤਾ ਬਚਨ ਹੋਇਆ ਬਚਾ ਅਜਿਤਿਆ ਅਰਦਾਸ ਗੁਰੂ ਸੁਣਦਾ ਹੈ ਜੋ ਕਛੁ ਪੁਛੈਗਾ ਸੋ ਨਿਸਾ ਹੋਵੈਗੀ॥ ਤਾ ਗੁਰੂ ਕੇ ਬਚਨ ਪਾਇ ਕਰ ਅਜਿਤੇ ਰੰਧਾਵੇ ਅਰਦਾਸ ਕੀਤੀ॥ ਜੀ ਸਚੇ ਪਾਤਿਸਾਹਿ ਜੀ ਜੇ ਤੂੰ ਮੇਹਰਬਾਨ ਹੋਇਆ ਹੈਂ ਤਾ ਇਸ ਪਦਕਾ ਵੀਚਾਰ ਸਮਝਾਈਐ॥ ਤਾ ਬਚਨ ਹੋਆ ਸਾਬਸਿ ਬਚਾ ਅਜਿਤਿਆ ਤੈਂ ਭਲੀ ਬਾਤ ਪੁਛੀ ਹੈ ਸਿਖ ਤੇ ਪੁਤ੍ਰ ਏਹੋ ਜੇਹੇ ਲੋੜੀਦੇ ਹਨਿ॥ ਜਿਸ ਕਰਕੇ ਸਿਖੀ ਦਾ ਉਧਾਰ ਹੋਵੈ॥ ਬਚਾ ਅਜਿਤਿਆ ਤੈ ਭਲੀ ਬਾਤ ਪੁਛੀ ਹੈ ਇਸ ਪਦ ਕਾ ਬੀਚਾਰ ਏਹ ਹੈ ਜੇ ਕੋਈ ਕਹੈ ਜੇ ਮੈ ਬੇਸੁਮਾਰ ਜੀ ਕੀ ਅੰਤਿ ਪਾਈਐ ਤਾਂ ਨਹੀਂ ਪਾਈ ਜਾਤੀ॥ ਤਾਂ ਉਸਦੇ ਵਾਸਤੇ ਕਿਤਨੇ ਜਤਨ ਹੈਨਿ॥ ਜੋ ਕੋਈ ਆਖੈ ਜੋ ਮੈਂ ਪਉਣ ਕਾ ਅਹਾਰ ਕੀਤੇ ਕਿਛੁ ਨਾਹੀ ਹੋਦਾ॥ ਜਿਚਰ ਚੰਦ ਸੂਰਜ ਇਕ ਗੁਫਾ ਵਿਚਿ ਨ ਹੋਵਨਿ ਤਿਚਰ ਸੁਪਨੇ ਸਉਣ ਨਾਹੀ ਮਿਲਦਾ॥ ਅਤੇ ਸਚੇ ਨਿਰੰਕਾਰ ਕਾ ਵਾਸ ਜੋ ਹੈ ਸੁ ਨਿਜ

ਥਾਉ ਵਿਚਿ ਹੈ ਜਾਂ ਨਿਜ ਥਾਉ ਦਿਸੈ ਤਾਂ ਆਵਾਗਉਣ ਤੇ ਰਹਿਤਿ ਹੋਵੈ।। ਨਿਜ ਥਾਉ ਏਹ ਜੋ ਆਪਣੇ ਘਟਿ ਵਿਚਿ ਪਰਮੇਸਰ ਵਸਦਾ ਹੈ ਅਤੇ ਜੋ ਸੁਮਾਰ ਦੀ ਦਰਗਾਹ ਵਲ ਦਿਸਦਾ ਹੈ ਤਾਂ ਓੜਕਿ ਅੰਤਿ ਕਛੁ ਨਾਹੀ ਜਿਸੁ ਕਰਿਕੇ ਉਸਦੀ ਕੀਮਤਿ ਪਵੈ।। ਤਿਸਦਾ ਹਉ ਕੇਵਡ ਕਰਿਕੇ ਨਾਉ ਸਲਾਹੀ।। ਜੋ ਏਵਡ ਸਾਹਿਬ ਹੈ।। ਪਰ ਸੁਣਿ ਸੁਣਿ ਬੇਦ ਸਾਸਤ੍ਰ ਸਿੱਧ ਸਾਧਕ ਹੁਲਾਸ ਕਰਦੇ ਹੈਨਿ।। ਪਰਮੇਸਰ ਸਰਬਮਈ ਹੈ।। ਪਰ ਡਿਠਾ ਕਿਸੇ ਨਾਹੀ ਜੋ ਇਸ ਰੰਗ ਰੂਪ ਵਿਚਿ ਹੈ ਤਿਸਿ ਕਰਕੇ ਜੇ ਭਾਵਸ ਤਾ ਕਰੇ ਤਮਾਉ ਤਿਸ ਕੇ ਅੰਤਿ ਕਾਰਣਿ ਕੇਤੇ ਉਪਾਉ ਕਰਦੇ ਹੈਨ।। ਜੋ ਕਿਵੈਂ ਬੇਸੁਮਾਰ ਕਾ ਅੰਤ ਪਾਵੈ।। ਭਾਈ ਅਜਿਤਿਆ ਜੇ ਕੋਈ ਆਖੈ ਹਉ ਪੰਖੀ ਹੋਇਕੇ ਭਵਾ ਅਤੇ ਸੈ ਅਸਮਾਨੀ ਉਡਿ ਕੈ ਜਾਇ ਚੜਾ ਅਤੇ ਨਾ ਕਿਛੁ ਪੀਵੈ ਨ ਕੁਛੁ ਖਾਵੈ ਅਤੇ ਨਦਰੀ ਭੀ ਕਿਸੇ ਕੋ ਨਾ ਆਵੈ।। ਤਾਂ ਭੀ ਕੀਮਤਿ ਬੇਸੁਮਾਰ ਦੀ ਪਾਈ ਨਹੀਂ ਜਾਂਦੀ ਅਤੇ ਉਸਦਾ ਅੰਤੁ ਕੋਈ ਨਾਹੀ ਜਾਣਦਾ ਅਤੇ ਜੇ ਕੋਈ ਆਪ ਕੁਹਾਇ ਕੁਹਾਇਕੇ ਕਟਿ ਕਟਿ ਕੇ ਚਕੀ ਕਰਕੇ ਚਾਇ ਪਿਸਾਈਐ ਅਤੇ ਜੇ ਭਸਮ ਹੋਇਕੇ ਖੇਹ ਸੇਤੀ ਰਲਾਇਆ ਜਾਵੈ ਤਾਂ ਉਸਦੀ ਕੀਮਤਿ ਨਾਹੀ ਪਉਂਦੀ ਅਤੇ ਜੇ ਕੋਈ ਆਖੈ ਜੋ ਮੈਂ ਪਰਮੇਸਰ ਦਾ ਨਾਉ ਲਿਖ ਪੜਿ ਭਾਉ ਕਰੀ ਅਤੇ ਮਸ ਅਤੇ ਕਲਮ ਕੀ ਤੋਟਿ ਨ ਟ ਆਵੈ ਨਾਹੀ ਅਤੇ ਪਉਣ ਕੀ ਨਿਆਈ ਲਿਖਣ ਚਲਾਇ ਜਾਣਦਾ ਹੋਵੈ ਤਾਂ ਭੀ ਬੇਸੁਮਾਰ ਕੀ ਕੀਮਤਿ ਨਾਹੀ ਪਉਂਦੀ।। ਅਤੇ ਰਹਿੰਦਾ ਭੀ ਇਸਦੇ ਬੀਚ ਹੀ ਹੈ ਸਰਬ ਮਹਿ ਸਮਾਇਆ ਹੈ ਅਰੁ ਆਖਿਆ ਨਾਹੀ ਜਾਦਾ ਪਰ ਜੇ ਕੋਈ ਉਸਦੇ ਦੁਆਰੇ ਪਰ ਜਾਇਕੇ ਢਹਿ ਪਵੈ ਪਾਲਾ ਘਾਮ ਸਿਰ ਉਪਰ ਝਲੈ।। ਪਰ ਜੇ ਭਾਵਸ ਤਾਂ ਕਿਤੇ ਵੇਲੇ ਸਮਾਲ ਕਰੇ ਨਹੀਂ ਤਾਂ ਚਤੁਰਾਈ ਕੀਤਿਆਂ ਨਹੀਂ ਪਾਇਆ ਜਾਂਦਾ।।੧।। ਤਾ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸਾਹ ਜੀ ਇਥੇ ਕਿਉ ਹੋਰ ਵਰਤਾਰਾ ਵਰਤਿਆ ਹੈ।। ਅਤੇ ਸੰਸਾਰ ਹੋਰਨਾਂ ਬਾਤਾਂ ਵਿਚ ਪਚ ਪਚ ਮਰਦਾ ਹੈ।। ਜੋ ਅਮਕਾ ਬੇਦ ਸੁਣੀਐ ਅਮਕਾ ਧਰਮ ਕਰੀਐ ਤਾਂ ਪਰਮੇਸਰ ਕੋ ਮਿਲੀਐ।। ਏਹ ਬਾਤ ਕਿਉ ਕਰਿ ਹੈ ਜੀ।। ਤਾ ਬੋਲਣਾ ਹੋਇਆ।। ਸਲੋਕ।।

।।ਨਾ ਭੀਜੈ ਰਾਗੀ ਨਾਦੀ ਬੇਦ।। ਨ ਭੀਜੈ ਸੁਰਤੀ ਧਿਆਨੀ ਜੋਗ।। ਨ ਭੀਜੈ ਸੋਗੀ ਕੀਤੇ ਰੋਜ।। ਨ ਭੀਜੈ ਰੂਪੀ ਮਾਲੀ ਰੰਗ।। ਨ ਭੀਜੈ ਬਾਹਿਰ ਬੈਠਿਆ ਸੁੰਨਿ।। ਨ ਭੀਜੈ ਭਿੜ ਮਰਹਿ ਭਿੜ ਸੂਰਾ।। ਨ ਭੀਜੈ ਕੇਤਕ ਹੋਵੈ ਧੂੜ।। ਲੇਖਾ ਲਿਖੀਐ ਮਨਿ ਕੈ ਭਾਇ।। ਨਾਨਕ ਭੀਜੈ ਸਾਚੈ ਨਾਇ।।

।।ਤਿਸਕਾ ਪ੍ਰਮਾਰਥ।। ਭਾਈ ਅਜਿਤਿਆ ਓਹ ਬੇਸੁਮਾਰ ਅਗਮ ਪਰਮੇਸਰ ਹੈ ਬੇਪਰਵਾਹਿ ਹੈ ਨਾਹੀ ਭਿਜਦਾ।। ਭਾਵੇ ਕੋਈ ਰਾਗੁ ਨਾਦ ਗਾਵੇ ਭਾਵੇ ਬੇਦ ਸੁਣਾਵੇ ਭਾਵੇ ਕੋਈ ਗਿਆਨ ਸੁਰਤਿ ਕਰੇ।। ਭਾਵੇ ਕੋਈ ਸੋਗ ਕਰਕੇ ਬਹੇ। ਨ ਰੂਪ ਮਾਲ ਕਰਕੇ ਭਿਜਦਾ ਹੈ ਨ ਦਾਨ ਪੁੰਨ ਕੀਏ ਭਿਜਤਾ ਹੈ।। ਸੁਣ ਭਾਈ ਸੂਰਮੇ ਕਾ ਮਹਾਤਮ ਸਭਤੇ ਵਡਾ ਕਹਿਦੇ ਹੈਨਿ।। ਜੋ ਭਿੜ ਮਰੀਅਹਿ ਤਾਂ ਭੀ ਨਹੀ ਭਿਜਦਾ।। ਜੇ ਕਹੇ ਹਉ ਧੂੜ ਹੋਇ ਰਹਾਂ ਤਾਂ ਭੀ ਪਰਮੇਸਰ ਨਾਹੀ ਭਿਜਦਾ।। ਬਿਨਾ ਸੱਚੇ ਨਾਮ ਨਾਹੀ ਭਿਜਦਾ ਸਚਿ ਨਾਮ ਜੋ ਹੈ ਸੋ ਮਨਿ ਕੇ ਅੰਤਰਿ ਹੈ।। ਲਿਖਿਆ ਹੋਆ ਹੈ ਉਸਦਾ ਰੂਪ ਹੈ ਸਚ।। ਹੋਰ ਚਤੁਰਾਈਆਂ ਕੀਤਿਆ ਓਹ ਨਾਹੀ ਭਿਜਦਾ।। ਬੇਦ ਸਾਸਤ੍ਰ ਪੁਰਾਨ ਏਹ ਜੋਗ ਅਭਿਆਸ ਜੋ ਹੈ।। ਸੋ ਭੀ ਸਾਧਾ ਕੇ ਬਚਨ ਹੈਨਿ।। ਪਰੁ ਤਿਨ੍ਹ ਕੂੜਾ ਵਰਤਾਰ ਹੈ।। ਸਦਾ ਸਤਵਾਦੀ ਹੋਇ ਰਹੀਐ।। ਨਿੰਦਾ ਅਤੇ ਚਿੰਦਾ ਕਿਸੇ ਦੀ ਨ ਕਰੀਐ।।ਜੋ ਕਛੁ ਪਰਮੇਸਰ ਕੀ ਪੈਦਾਇਸਿ ਹੈ ਸੋ ਸਭ ਸਤਿ ਹੈ।।2।।

||ਸਲੋਕ|| ਜੂਠ ਨ ਰਾਗੀ ਜੂਠ ਨ ਬੇਦੀ
ਜੂਠ ਨ ਚੰਦ ਸੂਰਜ ਕੀ ਭੇਦੀ||
ਜੂਠ ਨ ਅੰਨੀ ਜੂਠ ਨ ਨਾਈ||
ਜੂਠ ਨ ਮੀਨ ਵਰਸੈ ਸਭ ਜਾਈ||
ਜੂਠ ਨ ਧਰਤੀ ਜੂਠ ਨ ਪਾਣੀ||
ਜੂਠ ਨ ਪਵਣੈ ਮਾਹਿ ਸਮਾਣੀ||
ਨਾਨਕ ਨਿਗੁਰਿਆ ਗੁਣ ਨਾਹੀ ਕੋਇ||
ਮੁਹ ਫੇਰੇ ਮੁਹ ਜੂਠਾ ਹੋਇ||3||

||ਤਿਸਕਾ ਪ੍ਰਮਾਰਥੁ|| ਭਾਈ ਅਜਿਤਿਆ ਰਾਗ ਬੇਦ ਭੀ ਜੂਠ ਨਾਹੀ|| ਅਤੇ ਚੰਦ ਸੂਰਜ ਭੀ ਅਤੇ ਸਰਬ ਥਾਨ ਉਸਦੇ ਹੈਨ|| ਧਰਤੀ ਪਉਣ ਪਾਣੀ ਏਹ ਭੀ ਜੂਠ ਨਾਹੀ|| ਏਹ ਸਭ ਸਤ ਹੈ|| ਜੂਠਾ ਤਾਂ ਓਹ ਹੈ ਜਿਸਨੇ ਗੁਰਾ ਦੇ ਸਬਦਿ ਨਾਲੋ ਮੁਹ ਫੇਰਿਆ ਹੈ|| ਅਰ ਜੋ ਨਿਗੁਰੇ ਹਨਿ ਤਿਨ ਕਾ ਭੀ ਹਵਾਲ ਹੈ ਜੋ ਇਥੇ ਹੀ ਪਰਤਖ ਗੁਰਾਂ ਨਾਲੋ ਨਿਖੜੇ ਹੈਨਿ||ਸੋ ਫੇਰ ਕਦੇ ਨਾ ਮਿਲਨਗੇ|| ਜਾਂ ਏਹ ਬਚਨ ਸ੍ਰੀ ਗੁਰੂ ਬਾਬੇ ਜੀ ਕਹਿਆ||ਤਾਂ ਅਜਿਤਾ ਰੰਧਾਵਾ ਬਿਸਮਾਦਿ ਹੋਇ ਗਇਆ|| ਤਾਂ ਅਰਦਾਸ ਕੀਤੀ ਆਖ ਜੀ ਸਚੇ ਪਾਤਿਸਾਹਿ ਤੇਰਾ ਵਰਨ ਚਿਹਨ ਰੰਗ ਰੂਪ ਏਹੋ ਹੈਕੇ ਕੋਈ ਹੋਰ ਹੈ ਤਾਂ ਬੋਲਣਾ ਹੋਇਆ ਬਚਾ ਅਜਿਤਿਆ ਪੂਰੇ ਏਹੋ ਜੇਹੇ ਲੋੜੀਦੇ ਹਨਿ|| ਗੁਰੂ ਬਾਬਾ ਜੀ ਬਹੁਤ ਖੁਸ਼ ਹੋਇਆ ਬਚਾ ਤੂ ਭਲੀ ਵਸਤ ਪੁਛੀ ਹੈ ਏਹ ਬਚਨ ਸਿਖਾਂ ਸੰਤਾਂ ਨੂੰ ਕਿਸੇ ਭਲੇ ਵਖਤ ਕੰਮ ਦੇਹਨਗੇ|| ਤਾਂ ਫੇਰ ਬਚਨ ਹੋਆ ਬਚਾ ਜਿਉਂ ਸਾਂਗੀ ਸਾਂਗ ਕਰਤਾ ਹੈ ਅਤੇ ਆਪਣਾ ਭੇਖ ਬਦਲਾਇੰਦਾ ਹੈ ਤਿਸ ਨੋ ਕੋਈ ਲਖ ਨਹੀ ਸਕਦਾ|| ਏਹ ਕੌਣ ਹੈ ਸੋ ਇਸੀ ਰਉਸ ਗੁਰੂ ਭੀ ਭੇਖ ਵਟਾਇਆ ਤਾਂ ਸਿਆਣੀਏਗਾ ਨਾਹੀ|| ਜੇ ਏਹੁ ਗੁਰੂ ਹੈ ਕੇ ਕੋਈ ਹੋਰ ਹੈ||

||ਸਲੋਕ|| ||ਧੁੰਧੂਕਾਰ ਅਗਮ ਹੈ ਏਕੋ ਏਕ ਹਰਿ ਰਾਇ||
ਆਇਆ ਆਪਿ ਉਲਾਸ ਕਰਿ ਨਾਨਕ ਦਰਸ ਦਿਖਾਇ|| ੪ ||

||ਤਿਸਦਾ ਪ੍ਰਮਾਰਥ|| ਸੁਣਿ ਬਚਾ ਅਜਿਤਿਆ ਧੁੰਧੂਕਾਰ ਵਿਚਿ ਇਕ ਨਿਰੰਕਾਰ ਰਹਿਸੀ||ਤਦ ਏਕ ਇਕਲਾ ਸੀ ਕੋਈ ਦੂਸਰਾ ਨਾਸੀ ਜੋ ਕੀਮਤਿ ਬੇਸੁਮਾਰ ਕੀ ਕਰੇ|| ਜੇ ਭਾਵੈ ਸੁ ਤਾਂ ਆਪੇ ਉਲਾਸੁ ਕੀਤਸੁ|| ਆਪਣਾ ਆਪਿ ਉਪਾਇਓਸੁ|| ਤਿਸਤੇ ਅਨੇਕ ਰੂਪ ਅਨੇਕ ਭਾਂਤਿ ਕਰਮਿ ਸਾਜਿਓਸ|| ਤਿਸ ਕਰਕੇ ਬੇਸੁਮਾਰ ਸਾਹਿਬ ਹੈ|| ਬੇਸੁਮਾਰ ਹੀ ਕੰਮ ਕੀਤੇਸੁ|| ਤਿਸਤੇ ਆਪਣੀ ਜੋਤਿ ਪਾਇ ਕੇ ਗੁਰੂ ਹੋਇ ਬੈਠਾ ਹੈ|| ਜਿਸਨੇ ਦਰਸਨ ਦਿਤੋਸ ਸੋ ਭੀ ਸਾਧ ਸੰਤ ਹੋਇ ਬੈਠਾ||ਜਿਥੇ ਗੁਰੂ ਪਰਮੇਸੁਰ ਦਾ ਨਿਵਾਸ ਹੋਇਆ ਹੈ|| ਮਨੁਖਾ ਕੇ ਜਾਮੇ ਜਿਨਕੋ ਦਰਸਨ ਹੋਇਆ ਹੈ|| ਅਰ ਪ੍ਰਤੀਤਿ ਆਈ ਹੈ ਸੋ ਆਵਾਗਉਣ ਤੇ ਰਹਿਤ ਹੋਇਆ ਔ ਪਾਰਗਿਰਾਮੀ ਹੋਇਆ||

||ਸਲੋਕ|| ਜਾਮਾ ਪਹਿਰ ਜੁਗਾ ਮਹਿ ਬੈਠਾ ਸਗਲ ਪਰੋਈ ਸੂਤਾ||
ਅੰਧਕਾਰ ਦੀਪਕ ਪਰਗਾਸਿਆ ਕਹੁ ਨਾਨਕ ਮਰਮ ਨ ਜਾਨਿਹਿ ਦੂਤਾ||੫||

||ਤਿਸਕਾ ਪ੍ਰਮਾਰਥ|| ਬਚਾ ਅਜਿਤਿਆ ਗੁਰੂ ਜੋ ਹੈ ਸੋ ਆਦਿ ਪੁਰਖ ਹੈ|| ਜੁਗ ਜੁਗ ਜਾਮੇ ਕਰਦਾ ਆਇਆ ਹੈ|| ਪਰ ਇਕਨਾ ਨੋ ਮਰਮੁ ਆਇਆ ਇਕਨਾ ਨੋ ਨਾ ਆਇਆ ਤਿਨਾ ਜਾਣਿਆ ਜੋ

ਰਾਜਾ ਹੈ।। ਜਿਸ ਗੁਰੂ ਕਰਕੇ ਜਾਣਿਆ ਵੰਞਣ ਮੰਨਿਆ ਸਬਦ ਮਨ ਵਸਾਇਆ ਤੇ ਪ੍ਰਤੀਤਿ ਆਈ ਸੇ ਮਹਾਂਪੁਰਖ ਭਏ ਉਸ ਪਿਛੇ ਬਹੁਤ ਤਰੇ ਸੋ ਭੀ ਉਧਰੇ।। ਬਚਾ ਸਤਜੁਗ ਵਿਖੇ ਗੁਰੂ ਚੁਰਾਸੀ ਜਾਮੇ ਪਹਿਰੇਸੀ।। ਚਉਰਾਸੀ ਜਾਮੇ ਤ੍ਰੇਤੇ ਜੁਗ ਵਿਚ।। ਚਰਾਸੀ ਜਾਮੇ ਦੁਆਪਰ ਵਿਚਿ ਪਹਿਰੇਸੀ।। ਅਰ ਜਿਨਾ ਦਰਸਨ ਕੀਤਾ ਅਰ ਉਪਦੇਸ ਲਿਆ ਅਰ ਸਬਦ ਮਨ ਵਸਾਇਆ ਤਿਨਾ ਨੋ ਭਾਲ ਦੀਪਕ ਹੋਇਆ।। ਸਬਦ ਜੋ ਹੈ ਸੋ ਦੀਪਕ ਹੈ ਜਿਸ ਕਉ ਗੁਰੂ ਕੇ ਸਬਦ ਕਾ ਮਰਮ ਨਾ ਆਇਆ ਸੋ ਦੂਤ ਹੋਏ ਓਹ ਜੁਗ ਜੁਗ ਅੰਧਿ ਹੀ ਰਹੇ ਸੂਤਕਿ ਉਨਾ ਗਇਓ ਨਾਹੀ।। ਸਗਲ ਪਰੋਈ ਸੂਤ ਸੋ ਕਿਉ ਕਰਿ ਪਰੋਈ।। ਮਾਲ ਖਾਵਦ ਚੁਣਿ ਕਲੀਆ ਪਿਛੇ ਜਾਪਦਾ ਹੈ ਕਿਸੇ ਗੁਰਮੁਖ ਦਾ ਕਹਿਆ ਮੰਨਣਾ ਹੁੰਦਾ ਹੈ ਤਿਨਾ ਕੋ ਸਮ੍ਰਧਿ ਉਪਜਾਉਂਦਾ ਹੈ।। ਓਹ ਸਾਧ ਸੰਗਤਿ ਕਾ ਮਰਮ ਖੋਜਦੇ ਹੈਨਿ।।ਬਚਾ ਅਜਿਤਿਆ ਹੁਣ ਏਹੁ ਕਲਜੁਗ ਆਇਆ ਹੈ।। ਇਸ ਵਿਚ ਮਹਾਂ ਧੁੰਦ ਰਹੇਗਾ ਕਿਸੇ ਕੀ ਰਹਿਣ ਨਾ ਦੇਵੇਗਾ।। ਇਸ ਕਲਿਜੁਗ ਵਿਖੇ ਕਈ ਜਾਮੇ ਗੁਰੂ ਹੋਨਗੇ।। ਚੌਦਾਂ ਜਾਮੇ ਗੁਰੂ ਜਾਹਰ ਹੋਨਗੇ।। ਅਰ ਸਤਿਗੁਰ ਸਾਧ ਕਹੀਅਨਗੇ।। ਅਰ ਸਤਰ ਜਾਮੇ ਨਾਉਂ ਧਰੀਕ ਭਗਤਿ ਕਹੀਅਨਿਗੇ ਅਰ ਜਦ ਗੁਰੂ ਜਾਮਾ ਪਹਿਰੇਗਾ ਤਾਂ ਗੁਰੂ ਅਕਾਲ ਪੁਰਖ ਦਾ ਭਾਣਾ ਮੰਨਿਗਾ ਜੋ ਭਾਵੈ ਸੋ ਕਰੇ।। ਅਤੇ ਸੁਣ ਭਾਈ ਅਜਿਤਿਆ. ਹੁਣ ਏਹ ਵਰਤਾਰਾ ਦੇਖ ਜੋ ਗੁਰੂ ਸਾਂਗ ਕਰੇਗਾ ਤਾਂ ਸਿਖਯ ਸਭ ਨਾਲੋਂ ਭੁਲ ਜਾਨਗੇ ਤੇ ਸਤਿਗੁਰੂ ਨੇ ਦੋਸ ਰਖਨਗੇ ਨਿੰਦਾ ਕਰਨਗੇ ਤਿਤ ਕਰਿ ਬੇਮੁਖ ਹੋਵਨਿਗੇ।।ਅਤੇ ਮਨੁਖਾਂ ਨੋ ਗੁਰੂ ਕਹਕੇ ਬੈਠਾਵਨਿਗੇ ਸਤਿਗੁਰੂ ਤੇ ਭੁਲ ਜਾਨਗੇ।। ਅਤੇ ਬਚਾ ਅਜਿਤਿਆ ਗੁਰੂ ਜੁਗ ਜੁਗ ਵਿਚਿ ਹੁੰਦਾ ਆਇਆ ਹੈ ਅਰ ਹੋਵੇਗਾ।। ।।ਸਲੋਕ।।

।।ਸਤਿਜੁਗ ਗੁਰੂ ਮਿਹਰਵਾਨ ਤ੍ਰੇਤੇ ਜਨਕ ਬਦੇਹਾ।।
ਹਰੀ ਚੰਦ ਦੁਆਪਰ ਗੁਰੂ ਕਲਿਜੁਗ ਨਾਨਕ ਦੇਉ।। ੬ ।।

ਤਿਸਕਾ ਵਿਚਾਰ ਕਹਿਤੇ ਹੈਨ।। ਭਾਈ ਅਜਿਤਿਆ ਸਤਿਜੁਗ ਵਿਖੇ ਅਹੀ ਗੁਰੂ ਮਿਹਰਵਾਨ ਥਾ।। ਤਿਸਦੀ ਪੈਰੀ ਸਿਖ ਕਰੋੜੀ ਪੰਦ੍ਰਾਂ ਪਏ।। ਤਿਸ ਸਮੇਂ ਆਗਿਆ ਹੋਈ ਭਾਈ ਜਗ ਕਰਹੁ ਅਤੇ ਹਾਥੀ ਜਗੁ ਵਿਖੇ ਪਾਵਹੁ ਅਰ ਖਾਵਹੁ ਅਤੇ ਹਾਥੀ ਜਗੁ ਪਾਇਕੇ ਸਿਖ ਸੰਤ ਸਭ ਸਦਾਏ ਅਤ ਹੁਕਮ ਹੋਇਆ ਘਾਹੁ ਦਾਣਾ ਤਈਆਰ ਕਰਾਹੋ।। ਹਾਥੀ ਫੇਰ ਜੀਵੇਗਾ ਤਾਂ ਸਿਖਾਂ ਨੋ ਆਗਿਆ ਹੋਈ ਬਚਾ ਏਸ ਹਾਥੀ ਕਉ ਜੇਵਹੁ ਤਾਂ ਸਿਖ ਕਰੋੜਾਂਈ ਨਸ ਗਏ।। ਪੰਜਾ ਹੁਕਮ ਮੰਨਿਆ ਅਤੇ ਦਸ ਕਰੋੜ ਵਿਚਾਰਾਂ ਹੀ ਕਰਦੇ ਰਹੇ ਤਾਂ ਭਾਈ ਗੁਰੂ ਹਾਥੀ ਫੇਰ ਉਠਾਇ ਖੜਾ ਕੀਤਾ।। ਏਹੁ ਕਉਤਕ ਸਤਜੁਗ ਵਿਚ ਹੋਇਆ ਸੀ ਅਤੇ ਜਿਨਾਂ ਨਹੀਂ ਸੀ ਜੇਵਿਆ ਸੋ ਪਿਛੋ ਪਛੋਤਾਵਣ ਲਗੇ ਤਾਂ ਫੇਰ ਆਖਣ ਲਗੇ ਜੀ ਜੇ ਹੁਕਮ ਹੋਵੇ ਤਾਂ ਅਸੀ ਹੁਣ ਜੇਵਾਂਏ ਜੀ ਤਾਂ ਹੁਕਮ ਹੋਆ ਓਹ ਵੇਲਾ ਬੀਤ ਗਇਆ ਮਿਲੇ ਸੋ ਥਾਇ ਪਏ ਅਤੇ ਤ੍ਰਠੇ ਸੋ ਫੇਰ ਸੂਟੇ।। ਤਾਂ ਫੇਰ ਤ੍ਰੇਤੇ ਜੁਗ ਵਿਚ ਗੁਰੂ ਜਨਕ ਬਦੇਹੀ ਹੋਇਆ।। ਅਤੇ ਸਿਖ ਕਰੋੜੀ ਇਕੀਸ ਪੈਰੀ ਆਇ ਪਏ।। ਤਾਂ ਆਗਿਆ ਹੋਈ ਜੋ ਘੋੜਾ ਜਗੁ ਪਾਵਹੁ ਤਾਂ ਸਿਖ ਸਭ ਸਦਵਾਏ ਤੇ ਹੁਕਮ ਹੋਇਆ ਜੋ ਦਾਣਾ ਘਾਹੁ ਆਣ ਰਖੋ ਘੋੜਾ ਫੇਰ ਉਠੇਗਾ।। ਤਾਂ ਸਿਖਾਂ ਨੋ ਆਗਿਆ ਹੋਈ ਬਚਾ ਘੋੜਾ ਜੇਵਹੁ ਤਾਂ ਸਤਾਂ ਕਰੋੜੀ ਹੁਕਮ ਮੰਨਿਆ ਅਤੇ ਚਉਦਾ ਕਰੋੜੀ ਨਸ ਗਏ।। ਜਾਂ ਘੋੜਾ ਉਠਿਆ ਤਾਂ ਲਗੇ ਪਛੋਤਾਵਣੇ ਤੇ ਆਖਣ ਲਗੇ ਜੀ ਅਸੀਂ ਭੀ ਹੁਣ ਜੇਵਟੇ ਹਾਂ ਤਾਂ ਹੁਕਮ ਹੁਆ ਉਹ ਵੇਲਾ ਗੁਜਰ

ਗਇਆ।। ਤਾਂ ਫੇਰ ਦੁਆਪਰ ਜੁਗ ਗੁਰੂ ਹਰੀਚੰਦ ਪ੍ਰਗਟਿਆ ਤਾਂ ਸਿਖ ਕਰੋੜੀ ਛਤ੍ਰੀ ਆਇ ਪੈਰੀ ਪਏ।। ਤਾਂ ਆਗਿਆ ਹੋਈ ਭਾਈ ਫੇੜਾ ਜਗੁ ਪਾਵਹੁ ਤਾਂ ਸਰਬਤ ਸਿਖ ਇਕੱਠੇ ਹੋਏ ਤੇ ਲਗੇ ਵਿਚਾਰਾਂ ਕਰਨ ਭਾਈ ਏਹੁ ਸਾਂਗ ਬੜਾ ਭਾਰੀ ਹੋਇਆ ਹੈ ਤਾਂ ਹੁਕਮ ਹੋਇਆ ਬਚਾ ਘਾਹ ਦਾਣਾ ਇੱਕਠਾ ਕਰਹੁ ਘੋੜਾ ਫੇਰ ਉਠੇਗਾ ਤਾ ਫੇਰ ਸਿਖਾਂ ਨੋ ਬਚਨ ਹੋਇਆ ਬਚਾ ਏਹ ਪ੍ਰਸਾਦਿ ਜੇਵਹੁ ਤਾਂ ਕਰੋੜੀ ਇਕੀਸਾ ਬਚਨ ਮੰਨਿਆ ਤੇ ਪੰਦ੍ਰਾਂ ਕਰੋੜੀ ਨਸ ਗਏ ਤਾਂ ਘੋੜਾ ਉਠ ਖੜਾ ਹੂਆ ਤਾਂ ਲਗੇ ਪਛੋਤਾਵਣੇ ਤਾਂ ਆਖਣ ਲਗੇ ਅਸੀਂ ਹੁਣ ਜੇਵਨੇ ਹਾ ਜੀ ਤਾਂ ਅਗੋਂ ਆਗਿਆ ਹੋਈ ਬਚਾ ਉਹਜੋ ਵੇਲਾ ਸੀ ਸੋ ਗੁਜਰ ਗਿਆ।। ਤਾ ਫੇਰ ਹੁਣ ਨਿਬੇੜਾ ਹੋਵੇਗਾ ਤਾ ਕਨਜੁਗ ਵਿਚ ਹੋਵੇਗਾ।।ਬਚਾ ਪਿਛਲੇ ਜੁਗਾਂ ਵਿਚ ਜਪ ਤਪ ਬਹੁਤ ਕਰਦੇ ਸਨ ਅਤੇ ਸਤਵਾਦੀ ਹੁੰਦੇ ਸਨ ਤੇ ਜੋ ਕੋਈ ਤੁਟਦਾ ਸਾ ਸੋ ਫੇਰ ਮਨੁਖਾ ਜਨਮ ਹੋਇ ਕਰ ਉਧਰਦਾ ਸਾ।। ਜੇ ਇਕ ਜੁਗ ਚੁਕਦਾ ਸੀ ਤਾਂ ਦੂਸਰੇ ਜੁਗ ਮਿਲ ਪਾਉਂਦਾ ਸੀ ਤੇ ਮੁਕਤ ਪਾਉਂਦਾ ਸੀ।।ਅਤੇ ਬਚਾ ਅਜਿਤਿਆ ਹੁਣ ਆਇਆ ਹੈ ਕਲਜੁਗ ਤੇਹ੍ਹਿਨਾਉ ਧਰਾਇਆ ਹੈ ਨਾਨਕ ਤੇ ਸਿਖ ਪੈਰੀ ਪਵਨਗੇ ਛਿਨੋਵੇਂ ਕਰੋੜੀ।। ਤੇ ਜਗੁ ਪਵੇਗਾ ਮਨੁਖ ਅਤੇ ਇਸ ਸਾਂਗ ਵਿਚ ਠਹਰਿ ਕੋਈ ਨ ਸਕੇਗਾ।। ਇਕ ਨਸ ਜਾਣਗੇ ਤੇ ਇਕ ਭ੍ਰਸਟਿ ਹੋ ਜਾਣਗੇ ਇਕ ਬਚਨ ਉਪਰ ਚਾਰ ਸਿਖ ਤਕੜੇ ਰਹਿਣਗੇ ਤੇ ਉਨਾ ਦਾ ਸਦਕਾ ਉਹ ਭੀ ਸਾਂਗ ਬਖਸਿਆ ਜਾਵੇਗਾ।। ਅਤੇ ਬਚਾ ਅਗਲਿਆ ਜੁਗਾ ਦੇ ਮਨੁਖ ਸਤਵਾਦੀ ਰਹਿਦੇ ਸਨ।। ਅਤੇ ਪ੍ਰਤੀਤਿ ਗੁਰਾਂ ਦੇ ਬਚਨਾ ਉਪਰ ਰਖਦੇ ਸਨ।। ਅਤੇ ਉਨਾ ਦੀ ਅਰਦਾਸ ਨਾਲ ਉਹ ਭੀ ਉਠ ਖੜਾ ਹੋਦਾ ਆਹਾ।। ਅਤੇ ਬਚਾ ਅਜਿਤਿਆ ਕਲਜੁਗ ਵਿਚ ਸਿਖ ਪ੍ਰਤੀਤਿ ਥੋੜੀ ਰਖਣਗੇ।। ਗੁਰਾਂ ਉਪਰ।।ਅਤੇ ਮਾਇਆ ਕਾਰਣ ਜਗਤ ਬਹੁਤ ਅਔਠਾ ਹੋਵੇਗਾ।। ਬਚਾ ਏਹੁ ਸੰਸਾਰ ਅਵੇਹਾ ਹੈ ਜੇ ਆਪਣਾ ਆਪ ਵਿਖਾਈਏ ਤਾਂ ਮਿਟੀ ਵੀ ਪੁਟ ਕੇ ਲੈ ਜਾਵਨਿ।। ਇਸ ਵਾਸਤੇ ਮਨੁਖ ਖੜਾ ਨਾ ਕੀਚੇਗਾ।। ਇਤ ਕਰਕੈ ਗੁਰੂ ਸੰਜਮ ਵਿਚ ਰਹੇਗਾ।। ਜਾਂ ਸਾਂਗ ਕਰੇਗਾ ਤਾਂ ਸਭ ਖਿੰਡ ਜਾਵੇਗੀ।। ਕੋਈ ਗੁਰਮੁਖ ਹੀ ਸਬੂਤ ਰਹੇਗਾ ਅਤੇ ਜੋ ਏਥੋ ਖਿਸਕੇਗਾ ਅਥਵਾ ਚੁਕੇਗਾ ਸੋ ਥਾਉ ਕਿਥਾਉ ਨਾ ਪਾਵੇਗਾ ਅਤੇ ਬਹੁਤ ਜਗੁ ਭ੍ਰਮੇਗਾ।। ਕੇਵਡ ਸਾਹਿਬ ਤੇਵਡ ਰਜਾਈ।। ਤਾਂ ਅਜਿਤੇ ਰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸਾਹ ਜੀ ਜਿਸ ਦੀ ਪ੍ਰਤੀਤ ਤੂੰ ਰਖੇਗਾ ਤਿਸੇ ਦੀ ਰਹੇਗੀ ਜੇਵਡ ਸਾਹਿਬ ਹੈ ਤਿਸ ਦੀਆ ਤੇਵਡ ਰਜਾਈ ਹੈਨ।। ਤਾ ਬੋਲਣਾ ਹੋਇਆ।। ।। ਸਲੋਕ ।।

।। ਆਦਿ ਪੁਰਖ ਅਪਰੰਪਰ ਕਰਤਾ ਆਪੇ ਦਾਨਾ ਬੀਨਾ।।
ਕਹਨ ਸੁਨਨ ਤੇ ਰਹੇ ਨਿਆਰਾ ਕਾਹੂੰ ਸੰਗ ਨ ਭੀਨਾ।।
ਤਾਂ ਕੀ ਜਾਤ ਨ ਜਨਮੁ ਵਰਨਿ ਚਿਹਨਿ ਹੈ ਕਵਣ ਕਹੈ ਤੂੰ ਕਦਕਾ।।
ਹਾਜਰ ਹੁਜਤ ਨਿਕਟ ਨ ਆਵੈ ਹਰਖ ਸੋਗ ਤੇ ਰਹਿਤਾ।।
ਗਗਨ ਨਿਰੰਤਰਿ ਮਹਿਲ ਨ੍ਰਿਵਾਸੀ ਕੂੰਜ ਅਵਾਜਾ ਬੋਲੇ।।
ਕਹੁ ਨਾਨਕ ਅਤਿ ਭਈ ਹੈਰਾਂਨੀ ਕੋਈ ਸਾਧੂ ਤਤ ਵਿਰੋਲੈ।।

ਤਿਸਕਾ ਪ੍ਰਮਾਰਥ ਸ੍ਰੀ ਗੁਰੂ ਨਾਨਕ ਜੀ ਕਹਿਤੇ ਹੈ।। ੭।।

ਭਾਈ ਅਜਿਤਿਆ ਉਹ ਜੋਆਦਿ ਪੁਰਖ ਹੈ ਜੋ ਜੁਗ ਜੁਗ ਵਿਚੇ ਵਰਤਦਾ ਆਇਆ ਹੈ ਤਿਸਦਾ ਪਾਰਾਵਾਰ ਨਹੀਂ ਪਾਇਆ ਜਾਂਦਾ।ਉਹੁ ਆਪੇ ਹੀ ਦਾਨਾ ਹੈ ਅਤੇ ਆਪੇ ਹੀ ਬੀਨਾ ਹੈ।। ਦਾਨਾਂ ਤਾ ਇਉ ਹੈ ਜੋ ਕਛੁ ਕਰਦਾ ਹੈ ਸੋ ਆਪੇ ਹੀ ਕਰਦਾ ਹੈ ਅਤੇ ਦੂਸਰੇ ਪਾਸੋਂ ਮਸਲਤ ਨਹੀ ਪੁਛਦਾ।।ਅਤੇ ਜੋ ਕੁਛ ਕਰਦਾ ਹੈ।।ਸੋ ਭਲਾ ਹੀ ਕਰਦਾ ਹੈ।।ਅਤੇ ਬੀਨਾ ਇਉ ਹੈ ਜੋ ਸਭਸ ਦਾ ਅੰਤਰਜਾਮੀ ਹੈ।।ਅਤੇ ਕਾਹੂ ਸੰਗ ਨ ਭੀਨਾ ਉਸ ਕਿਸੇ ਹੀ ਮਨ ਬੁਧ ਚਤੁਰਾਈ ਸਿਆਣਪ ਮਸਲਤ ਖੁਸ਼ ਨਹੀ ਆਂਵਦੀ।।ਓਹ ਕਿਸੇ ਬਾਤ ਪਰ ਪਰਚਦਾ ਨਹੀ।।ਤਟਿ ਤੀਰਥ ਤਪਸਿਆ ਪੂਜਾ ਅਰਚਾ ਦਾਨ ਪੁੰਨ ਭਿਜਦਾ ਨਾਹੀ।।ਬਿਨਾ ਸਤਿਗੁਰਾਂ ਦੇ ਸਬਦ ਉਸ ਕੀ ਜਾਤਿ ਕਉਣ ਜਾਣੈ।।ਅਰ ਵਰਨ ਕਿਆ ਕਹੀਐ ਅਰ ਚਿਹਨ ਕਿਆ ਕਹੀਐ।।ਜਿਉ ਪਾਰਸ ਕੇ ਭੇਟੇ ਲੋਹਾ ਸਵਰਨ ਹੋ ਜਾਤਾ ਹੈ ਅਤੇ ਦੁਰਮਤ ਮਿਟ ਜਾਤੀ ਹੈ।। ਜੈਸੇ ਅਤਿ ਸੇ ਪਾਪੀ ਜੀਵ ਸੰਤਾ ਨਾਲ ਮਿਲ ਕਰ ਸਾਧ ਹੋ ਜਾਂਦਾ ਹੈ ਤਿਉਂ ਪਾਰਸ ਦੇ ਸਪਰਸ ਕੀਏ ਪਾਰਸ ਨਹੀ ਹੋਤਾ ਸੋਨਾ ਹੋਤਾ ਹੈ ਏਹੁ ਅੰਤਰਾ ਸੰਤ ਮੇ ਔਰ ਪਾਰਸ ਮੇ ਹੈ ਅਤੇ ਸੰਤ ਜੋ ਹੈਨ ਸੋ ਦੀਵੇ ਦੇ ਸਮਾਨ ਹੈਨ ਜੈਸੇ ਏਕ ਦੀਏ ਸੇ ਦੂਸਰਾ ਦੀਵਾ ਜਗਾਵੇ ਉਸ ਸੇਂ ਔਰ ਜਗਾਂਵੇ ਇਸੇ ਤਰਾ ਅਸੰਖ ਦੀਵੇ ਜੰਗਾਈਏ ਤਾਂ ਜੋਤ ਸਭਨਾ ਦੀ ਇਕੋ ਜੇਹੀ ਰੁਸਨਾਈ ਹੈ ਅਤੇ ਪਾਰਸ ਸੇ ਲੋਹਾ ਲਾਈਏ ਤਾਂ ਸੋਨਾ ਹੋਤਾ ਹੈ ਪਰ ਓਹ ਸੋਨਾ ਹੋਰ ਸੋਨਾ ਨਹੀ ਬਨਾ ਸਕਤਾ ਸੋਨਾ ਤਬੀ ਹੋਤਾ ਹੈ ਜੋ ਪਾਰਸ ਸੇ ਮਿਲੇ ਸੋ ਪਾਰਸ ਮੇ ਔਰ ਸੰਤ ਮੇਂ ਏਹੀ ਵਸੇਖਤਾ ਹੈ ਸੰਤਾ ਕਉ ਭਾਵੇਂ ਕੈਸਾ ਪਾਪੀ ਮਿਲੇ ਤਉ ਭੀ ਸੰਤ ਆਪ ਸਮਾਂਨ ਕਰ ਲੈਂਦੇ ਹੈਨ ਅਤੇ ਫੇਰ ਉਸਕੀ ਕੀਮਤਿ ਹੀ ਹੋਰ ਹੋ ਜਾਂਦੀ ਹੈ ਕਿਉ ਜੋ ਓਹ ਫੇਰ ਦੁਨੀਆ ਨਾਲ ਨਹੀ ਮਿਲਦਾ ਜਿਉ ਮ੍ਰਿਤਕ ਵਿਚ ਜੀਉ ਪਾਉਂਦਾ ਹੈ ਅਤੇ ਓਹ ਬੋਲ ਉਠਤਾ ਹੈ ।।ਆਪਣੀ ਭਾਖਿਆ ਨਾਲ ਜਬ ਪਰਮੇਸਰ ਇਸ ਪ੍ਰਾਣੀ ਵਿਚ ਜੋਤਿ ਪਾਂਇਦਾ ਹੈ ਤਾਂ ਏਹ ਭੀ ਬੋਲ ਉਠਤਾ ਹੈ।। ਉਸ ਪਰਮੇਸਰ ਕੀ ਭਾਖਿਆ ਕੀ ਕੀਮਤ ਨਹੀ ਕਹੀ ਜਾਤੀ ਅਪਰ ਅਪਾਰ ਹੈ ਹਰਖ ਸੋਗ ਤੇ ਨਿਆਰਾ ਹੈ ਓਹ ਘਟਅੰਤਰ ਮਹਲ ਨਿਵਾਸੀ ਹੈ ਕੂੰਜ ਅਵਾਜ ਬੋਲਦਾ ਹੈ ਕਹੁ ਨਾਨਕ ਅਬਿ ਭਈ ਹੈਰਾਨੀ ਕੋਊ ਸਾਧੂ ਤਤ ਵਿਰੋਲੇ।। ਸੋ ਕਿਉਂ ਕਰ ਹੈ ਜਿਤਨਾ ਅਕਾਰ ਹੈ ਤਿਸ ਵਿਚ ਉਸਕਾ ਨਿਵਾਸ ਹੈ ਤਿਸ ਕਰਕੇ ਸਭ ਸਰਜੀਤ ਹੈਨ ਅਰ ਮਹਲ ਨਿਵਾਸੀ ਉਸਕੇ ਸਾਧ ਹੈਨ ਸੋ ਉਨਾਂ ਵਿਚ ਕੂੰਜ ਅਵਾਜ ਹੋਇ ਬੋਲਦਾ ਹੈ ਸੋ ਕੂੰਜ ਅਵਾਜ ਕਿਆ ਹੈ ਜੋ ਕੂੰਜ ਕਹੀਏ ਦੇਹੀ ਅਤੇ ਜੋ ਇਸ ਦੇਹੀ ਵਿਚ ਅਨਾਹਦਿ ਵਾਜਾ ਹੈ ਸੋ ਕਹੀਐ ਬੋਲਣਾ ਅਤੇ ਜੋ ਸੰਤ ਜਨ ਹੈਨ ਸੋ ਓਹ ਅਨਾਹਦਿ ਸਬਦ ਸੁਣਦੇ ਹੈਨ ਅਨਾਹਦ ਸਬਦ ਕਾ ਏਹੁ ਪ੍ਰਾਪਤ ਹੈ।। ਪਰ ਹੈਰਾਨਗੀ ਜੋ ਹੈ ਸੋ ਕਿਆ ਹੈ ਜਾਂ ਉਹ ਸਾਧ ਅੰਤਰੇ ਬ੍ਰਿਤੀ ਹੋਕਰ ਸੁਣਨੇ ਤੇ ਰਹਿਤ ਜਾਹਿਗੇ ਓਹ ਜੋ ਥਾਂਨ ਹੈਨ ਤਿਨਾ ਵਿਚੋ ਬਰਕਤ ਨਿਕਲ ਜਾਂਦੀ ਹੈ ਤੇ ਓਹ ਖਾਲੀ ਰਹਿ ਜਾਣਗੇ ਤਬ ਦੁਨੀਆ ਬੇਪ੍ਰਤੀਤ ਹੋਇਗੀ ਭਾਈ ਅਜਿਤਿਆ ਨਾਵੇ ਜਾਮੇ ਸਾਂਗ ਭਾਰੀ ਹੋਵੇਗਾ।। ।। ਸਲੋਕ।।

।। ਦਸਤ ਮੁਹਰਿ ਆਪਣੇ ਵਸ ਰਾਖੀ ਜਾਂ ਤੁਠਕੇ ਤਾ ਬੋਲੇ।।
ਭਰਮ ਭੀਤ ਕਉ ਸਭ ਜਗੁ ਬੰਧਿਆ ਆਪਿ ਅਡੋਲ ਨ ਡੋਲੇ।।
ਪੋਲਣਹਾਰ ਸਦਾ ਅਬਿਨਾਸੀ ਤਿਸਤੇ ਰਹੇ ਨਿਆਰਾ।।
ਕਹੁ ਨਾਨਕ ਕੋਟਿ ਜੁਗ ਜੁਗ ਬੀਤੇ ਅੰਤ ਨ ਪਾਰਾਵਾਰਾ।। ੮।।

ਤਿਸਕਾ ਪਰਮਾਰਥ ਸ੍ਰੀ ਸਤਗੁਰ ਕਹਿਤੇ ਹੈਨ।।ਬੋਲਣਾ ਹੋਇਆ ਭਾਈ ਅਜਿਤਿਆ ਦਸਤਿ

ਮੋਹਰ ਜੋ ਹੈ ਸੋ ਸਭਨਾ ਕੀ ਮਤਿ ਬੁਧਿ ਬਾਲੇ ਖਿਚ ਕੇ ਆਪਣੇ ਵਸ ਰਾਖੀਐਗੀ।। ਜਿਉ ਖੇਲਾਵਹਿਗਾ।। ਤਿਉ ਖੇਲੇਗਾ।। ਕੋਈ ਪਹੁਚਣੇ ਨ ਪਾਈਐਗਾ।।ਸਭ ਭਰਮਿ ਜਾਵੇਗੀ।। ਆਪ ਅਡੋਲ ਹੋਇ ਰਹੇਗਾ।। ਅਤੇ ਜਾਮੇ ਜੁਗ ਜੁਗ ਪਹਿਰਦਾ ਆਇਆ ਹੈ ਪਰ ਆਪ ਜਾਮੇ ਥੀ ਨਿਆਰਾ ਰਹਿਣਾ ਹੈ ਆਪ ਤਾਂ ਅਬਿਨਾਸੀ ਹੈ ਮਰਣੇ ਕਾ ਨਾਹੀ ਹੈ ਜੰਮੇ ਕਾ ਬਿਨਾਸ ਹੈ ਆਪ ਤਾ ਨਵਤਨੁ ਬਾਲਾ ਹੈ ਕਈ ਕੋਟਿ ਜੁਗ ਬੀਤੇ ਹੈਨਿ।। ਓਹੁ ਸਦਾ ਹੀ ਅਮਰ ਹੈ ਤਿਸਕਾ ਅੰਤ ਕੋਈ ਨਹੀ ਪਾਵਤਾ।।

।। ਸਲੋਕ।। ਨਾਥ ਨਰੰਜਨ ਨਾਖੀ ਸਭ ਜਾਕੀ ਤਾਕੇ ਨਿਕਟਿ ਨ ਕੋਈ।।
ਨਵਿਦੁਆਰ ਚਲਤ ਕਰਿ ਦੇਖਿਆ ਰਹੇ ਅਲਪਤਿ ਗੁਸਾਂਈ।।
ਦਸਵਾਂ ਦੁਆਰ ਬ੍ਰਹਮ ਕਾ ਪੁਤਰਾ ਤਾਂ ਮੈ ਬਹੁ ਹੈਰਾਨੇ।।
ਕਹੁ ਨਾਨਕ ਪ੍ਰਭੁ ਅਗਮ ਅਗੋਚਰ ਕੋਈ ਵਿਰਲਾ ਸਾਧ ਪਛਾਣੈ।। ੯ ।।

।।ਤਿਸਕਾ ਪ੍ਰਮਾਰਥ ਸ੍ਰੀ ਗੁਰੂ ਜੀ ਕਹਿਤੇ ਹੈਨ।।

ਤਾਂ ਬੋਲਣਾ ਹੋਇਆ ਭਾਈ ਅਜਿਤਿਆ ਓਹ ਸਭਸੇ ਕਾ ਨਾਥ ਹੈ ਅਰ ਪਾਦਾਇਸ ਸਭ ਉਸ ਕੇ ਹਾਥ ਹੋਇਗੀ।। ਉਸ ਕੋ ਸਭ ਦ੍ਰਿਸਟਮਾਨ ਹੋਵੇਗਾ।। ਤੇ ਉਸਕੌ ਕੋਈ ਲਖ ਨਾ ਸਕੇਗਾ ਅਤੇ ਨਉ ਦੁਆਰੀ ਚਲਤ ਕਰੇਗਾ ਅਤੇ ਆਪ ਦਸਵੇ ਦੁਆਰੇ ਖੇਲੇਗਾ।। ਏ ਭਾਈ ਜਾ ਗੁਰੂ ਨਾਵਾ ਜਾਮਾ ਪਹਿਰੇਗਾ ਤਾਂ ਸਭ ਬੇਮੁਖ ਹੋ ਜਾਵੇਗੀ।। ਤੇ ਗੁਰੂ ਕਾ ਹੁਕਮ ਮੰਨਿਣਗੇ ਨਾਹੀ।। ਆਪਣੀ ਮਤ ਚਲੇਗੀ ਤਾਂ ਭਾਈ ਆਪਣੇ ਆਪ ਗੁਰੂ ਬਣ ਬੈਹਨਗੇ ਅਤੇ ਆਖਨਗੇ ਅਸੀ ਭਿਰਾਉ ਸਰੀਕ ਹੈਗੇ ਹਾਂ।। ਤਿਨਕਾ ਫਲ ਆਗੇ ਹੀ ਨਿਹਫਲ ਹੋ ਜਾਵਨਗੇ।। ਅਤੇ ਜੂਨੀ ਵਿਚ ਪਾਈਅਨਗੇ ਤੇ ਗੁਰੂ ਨੂ ਮਾਨੁਖ ਕਰਕੇ ਜਾਨਣਗੇ ਔਰ ਨਿੰਦਿਆ ਕਰਨਗੇ ਤੇ ਸਤਿਗੁਰੂ ਕਉ ਨਾਉ ਰਖਣਗੇ।। ਅਤੇ ਸਤਿਗੁਰੂ ਕਲੰਦਰੀ ਰੂਪ ਰਹੇਗਾ।। ਦਸਵੇ ਦੁਆਰ ਖੇਲੀਐਗਾ।। ਆਪਣੇ ਜਾਮੇ ਥੀ ਭੀ ਨਿਆਰਾ ਰਹੇਗਾ।। ਓਹੁ ਸਨਿਕਾਦਾਂ ਰੂਪ ਰਹੇਗਾ।। ਜਿਸ ਕੋ ਕੋਈ ਆਖ ਨ ਸਕੇਗਾ।। ਮਹਰਮ ਰੈਹਰਮਿ ਹਰਮਿ ਕੇ ਭੁਲਾਵੇਗਾ।।ਤਿਸ ਕਉ ਕੋਈ ਲਖ ਨ ਸਕੇਗਾ।। ਕਹੁ ਨਾਨਕ ਗੁਰ ਅਗਮ ਅਗੋਚਰ ਕੋ ਵਿਰਲਾ ਸਾਧ ਪਛਾਣੈ।। ਜਦਣ ਨਾਂਵਾ ਜਾਮਾ ਪਹਿਰੇਗਾ।।ਤਾਂ ਕਿਸੀ ਕਉ ਨਦਰਿ ਨ ਆਵੇਗਾ।। ਸਭ ਕਹਿਨਗੇ ਗੁਰੂ ਅਬ ਦੇਖਣਿ ਗੋਚਰਾ ਨਾਹੀ।। ਆਖਣਿਗੇ ਜੋ ਗੁਰੂ ਕਹਾ ਹੈ।। ਇਸ ਬਾਤ ਕਾ ਪਾਰ ਪਾਇਆ ਨਹੀ ਜਾਤਾ।। ਕੋਈ ਵਿਰਲਾ ਹੀ ਪਛਾਣੇਗਾ।। ਤਿਸਕੋ ਪ੍ਰਾਪਤਿ ਹੋਵੈਗਾ।। ਕੋਈ ਵਿਰਲਾ ਹੀ ਸਹੀ ਕਰੇਗਾ।। ਜੋ ਗੁਰੂ ਨਾਲਿ ਸਚ ਹੋਵੇਗਾ।। ਗੁਰੂ ਭਾਵੇ ਤਾਂ ਭੀ ਬਖਸੈਗਾ।। ਨਵੇ ਸਿਰੇ ਖੇਤ ਜਮਾਵੇਗਾ।। ਗੁਰੂ ਭਾਣੇ ਦਾ ਖਸਮੁ ਹੈ।। ਜੋ ਭਾਵੇ ਸੋ ਕਰੈ।। ਤਾਂ ਫੇਰ ਅਜਿਤੇ ਰਧਾਵੇ ਅਰਦਾਸ ਕੀਤੀ।। ਜੀ ਸਚੇ ਪਾਤਿਸਾਹਿ ਜਾ ਤੂੰ ਜਾਮਾ ਬਦਲੇਗਾ ਤਾਂ ਤੇਰੇ ਪਿਛੇ ਸਿਖ ਭਦਨ ਕਰਾਵਨਗੇ।।ਤਾਂ ਫਿਰ ਏਹ ਜੋਤ ਕਿਥੇ ਸਮਾਵੈਗੀ।। ਤਾਂ ਫੇਰ ਬਾਬੇ ਜੀ ਦਾ ਬੋਲਣਾ ਹੋਇਆ ਮੇਰਾ ਵਾਕ ਸਬਦ ਹੈ ਹੁਕਮ ਹੋਯਾ ਮੁਹ ਕਾ ਆਖਣਿ ਦਾ ਕਛ ਨਾਹੀ।।ਸਬਦਿ ਕੀ ਬਾਤ ਸਚੁ ਹੈ ਸਬਦ ਕਰਿਕੇ ਪਾਈਐ ਸਹੀ ।।

।।ਸਲੋਕ।।

।।ਮਰਿ ਜਨਮੇ ਜੂਨ ਸੋ ਆਵੈ ਜੋ ਗੁਰ ਜਾਣੈ ਦੂਆ
ਕਰਮ ਕਰਤੂਤਿ ਬੇਲਿ ਬਿਸਥਾਰੀ ਨ ਮਿਲਸੀ ਨ ਫਲੁ ਹੂਆ।।
ਮੁਖਿਆਰਕ ਕਾ ਕਹਿਆ ਜੋ ਮਾਨੈ ਸੋ ਸਿਖ ਭਰਮ ਭੁਲਾਨੇ।।

ਊਡੇ ਬਿਹੰਗਮ ਕੀਟੀ ਕਾ ਪਗ ਹਸਤਿ ਊਪਰਿ ਹਸਿਵਾਰੀ
ਜਾਕੇ ਕਰਮ ਧਰਮ ਨਹਿ ਮਾਇਆ ਮਾਖੀ॥
ਕਹੁ ਨਾਨਕ ਆਠ ਪਹਿਰ ਲਿਵ ਤਾਰੀ॥ ੧੦॥

ਤਿਸਦਾ ਪ੍ਰਮਾਰਥੁ॥ ਭਾਈ ਅਜਿਤਿਆ ਗੁਰੂ ਜਾਮਾ ਬਦਲੇਗਾ॥ ਤਾਂ ਸੰਭੂਹ ਸਿਖ ਭਦਨ ਕਰਾਇਨਗੇ॥ ਆਖਣਿਗੇ ਜੋ ਗੁਰੂ ਮੋਯਾ ਹੈ॥ ਫਿਰਿ ਜੰਮੇਗਾ ਦੂਆ ਜੋ ਹੈ ਸੋ ਭਰਮ ਹੈ ਭਾਈ ਅਜਿਤਿਆ ਗੁਰੂ ਜਮਣ ਮਰਣ ਵਿਚਿ ਨਾਹੀ॥ ਅਛਪਤ ਹੈ॥ ਜੋਤੀ ਸਰੂਪ ਅਮਰੁ ਹੈ॥ ਪਰ ਏਹ ਜੋ ਕਰਮ ਕਰਤੂਤ ਹੈ ਸੋ ਸੰਸਾਰ ਕੀ ਬੇਲ ਬਿਸਥਾਰੀ ਹੈ॥ ਸੰਸਾਰ ਇਸ ਬੇਲ ਕੇ ਬੀਚ ਬਿਸਥਾਰਿਆ ਹੈ॥ ਸੋ ਕਰਮੀ ਕਰਮ ਕਰਤੂਤ ਕੀ ਬੇਲ ਬਿਸਥਾਰੀ ਹੈ॥ ਏਹ ਜੋ ਬੁਰੇ ਭਲੇ ਕਰਮ ਕਰਦਾ ਹੈ ਉਨੋ ਕਰਮੋ ਕਰਿ ਬਹੁ ਜੂਨੀ ਭਰਮਾਈਦਾ ਹੈ॥ ਅਤੇ ਸਤਿਗੁਰੂ ਜੋ ਹੈ ਸੋ ਨਿਹਕਰਮੀ ਹੈ॥ ਕਰਮ ਧਰਮ ਤੇ ਪਰੇ ਹੈ॥ ਪਾਪ ਪੁੰਨ ਤੇ ਨਿਰਲੇਪ ਰਹਿਦਾ ਹੈ॥ ਓਹ ਜੋ ਕਹਿਣਗੇ ਜੋ ਗੁਰੂ ਫੇਰ ਜੰਮੇਗਾ ਓਹੁ ਫੇਰਿ ਫੇਰਿ ਮਰਨ ਜਨਮੇਗੇ॥ ਕਈ ਜੂਨੀ ਭਰਮ ਭਰਮੇਗੇ॥ ਅਰ ਗੁਰੂ ਕੇ ਹਜੂਰ ਉਇ ਬੁਰੇ ਕਰਮ ਕਰਹਿਗੇ॥ ਉਨਾ ਕਉ ਗੁਰੂ ਮਿਲਣੇ ਕਾ ਫਲ ਲਗੇਗਾ ਨਾਹੀ॥ ਸਤਿਗੁਰੂ ਉਨਾ ਕੋ ਹੋਰ ਮੁਖ ਵਾਕ ਕਰਿ ਭਰਮਾਵੇਗਾ॥ ਤਾਂ ਓਹ ਵਾਕ ਸੁਣ ਸੁਣ ਭਰਮਣਗੇ॥ ਆਖਣਗੇ ਜੋ ਏਹ ਵਾਕ ਕੀਤੇ ਹੈਨਿ ਸਾਖੀਆ ਕਰਿ ਕਰਿ ਭਰਮਣਿਗੇ॥ ਕੁਰਾਹ ਚਲਣਿਗੇ॥ ਮੁਖਿਆਗਰਿ ਕੇ ਕਹੇ ਕਾ ਏਹ ਫਲ ਲਾਗੇਗਾ॥ ਅਤੇ ਜੋ ਸਬਦ ਖੋਜੇਗਾ ਸੋ ਵਿਰਲਾ ਕੋਊ ਸਾਧੂ ਖੋਜੈਗਾ ਸੋ ਸਚੁ ਸਮਾਵੇਗਾ॥ ਸਤਿਗੁਰੂ ਕਉ ਮਿਲੇਗਾ॥ ਸੋ ਕਿਸ ਰਉਸ ਮਿਲੇਗਾ। ਸਚ ਸਬਦ ਜੋ ਹੈ ਸੋ ਸਤਿਗੁਰੂ ਹੈ ਓਹੁ
ਇਤ ਬਿਧ ਕਰਿਕੇ ਸਤਿਗੁਰੂ ਕਉ ਮਿਲਣਗੇ॥ ਬਿਹੰਗਮ ਜੋ ਹੈ ਸੋ ਪਾਰਬ੍ਰਹਮ ਕੀ ਜੋਤਿ ਹੈ ਓਹ ਖਰੀ ਫੁਰਦੀ ਹੈ॥ ਕੀਟੀ ਕਾ ਪਗ ਜੋ ਹੈ ਸੋ ਏਹ ਮਾਨੁਖ ਕਾ ਜਾਮਾ ਪਹਿਨਿਆ ਹੈ॥ ਹਸਤੀ ਕੀ ਹਸਵਾਰੀ ਜੋ ਹੈ ਸੋ ਸ੍ਰੀ ਸਤਿਗੁਰੂ ਆਪ ਹੈ॥ ਜੋ ਮਨੁਖ ਕਾ ਜਾਮਾ ਪਹਿਰਨਗੇ ਬਿਹੰਗਮ ਰੂਪ ਹੋਇ ਖੇਲੇਗਾ॥ ਅਤੇ ਜਾਮੇ ਤੇ ਨਿਆਰਾ ਰਹੇਗਾ ਅਤੇ ਕਰਮ ਭੀ ਨ ਹੋਵੇਗਾ॥ ਅਤੇ ਪਾਪ ਪੁੰਨ ਤੇ ਆਸ ਅੰਦੇਸਾ ਤੇ ਨਿਆਰਾ ਰਹੇਗਾ ਅਤੇ ਕਿਸੀ ਸਾਥਿ ਮਸਲਤਿ ਭੀ ਨ ਹੋਇਗੀ॥ ਸਭ ਤੇ ਨਿਆਰਾ ਰਹੇਗਾ. ਆਠ ਪਹਿਰ ਲਿਵਤਾਰੀ ਰਹੇਗੀ ਸ੍ਰੀ ਪਾਰਬ੍ਰਹਮ ਸਾਥ॥ ਤਾਂ ਫੇਰ ਬੋਲਣਾ ਹੋਇਆ ਜੋ ਆਠ ਪਹਰਿ ਲਿਵ ਆਪਣੈ ਗੁਰੂ ਪਰਮੇਸਰ ਨਾਲਿ ਰਖੇਗਾ॥ ਸਬਦਿ ਮਨਿ ਵਸਾਏਗਾ॥ ਉਸ ਵਿਚ ਸਤਿਗੁਰੂ ਕਾ ਬਾਸਾ ਹੋਇਗਾ ਜਿਸਦੀ ਸਬਦ ਨਾਲ ਪੀਤ ਲਗੇਗੀ॥ ਤਿਸਦੀ ਗੁਰੂ ਨਾਲ ਲਿਵ ਲਗੇਗੀ॥ ਜੋ ਉਸਦੇ ਭਗਤ ਹੋਵਣਿਗੇ ਤਿਨਾ ਨੂੰ ਲਿਵ ਲਗੇਗੀ॥ ਉਸ ਜਾਮੇ ਦਾ ਵਾਲੀ ਹਾ॥ ਤਾਂ ਅਜਿਤੇ ਰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹੁ ਜਾਮਾ ਏਹੋ ਰਖੀਐਗਾ॥ ਤੇ ਫੇਰ ਹੁਕਮ ਹੋਇਆ ਭਾਈ ਅਜਿਤਿਆ: ਏਹੁ ਨਾਹੀ॥

॥ ਸਲੋਕ ॥

ਭਗ ਤੇ ਨਿਕਸਿਆ ਸੋ ਸਭ ਬਿਨਸੇ ਪਗ ਏੜੀ ਹੈ ਬੰਧਾ॥
ਭਏ ਗੁਸਾਈ ਸਾਂਗ ਮੈ ਦੀਪਕ ਜਲੇ ਬਿਹੰਗਾ॥
ਕੋਕਿਲਾ ਬਿਪਰੀਤ ਜਿਉ ਉਤਿ ਅਉਸਰਿ ਲਾਗੀ ਸੋਇ॥
ਟੂਟੀ ਤੰਤ ਰਬਾਬ ਕੀ ਬਹੁਰ ਨ ਵਾਜਾ ਹੋਇ॥
ਨਾਨਕ ਐਸੇ ਸਾਂਗ ਮੈ ਕਿਸੇ ਮਿਲਾਵਾ ਹੋਇ॥ ੧੧ ॥

॥ ਤਿਸਕਾ ਪ੍ਰਮਾਰਥੁ॥ ਭਗ ਤੇ ਨਿਕਸਿਆ ਹੈ ਸੋ ਬਿਨਸਣਹਾਰਾ ਹੈ॥ ਪਗ ਏੜੀ ਪਰਿ ਬਿਧ

ਜੋ ਹੈ ਸੋ ਸੰਜੋਗ ਵਿਜੋਗ ਹੈ।। ਸੰਜੋਗੀ ਕਰਕੇ ਮੇਲਾ ਹੁੰਦਾ ਹੈ ਵਿਜੋਗ ਕਰਕੇ ਵਿਛੜੀ ਦਾ ਹੈ।। ਗੁਸਾਈ ਜੋ ਹੈ ਸੋ ਸਤਿਗੁਰੂ ਹੈ।। ਓਹੁ ਸਾਗ ਕਰਿ ਕਰਿ ਰੋਜ ਵੇਖਦਾ ਹੈ।। ਦੀਪਕ ਜੋ ਹੈ ਸੋ ਬ੍ਰਹਿਮ ਹੈ।। ਜੋਤਿ ਸਰੂਪੀ ਅਮਰ ਹੈ।। ਕੋਕਨ ਅੰਬ ਪਰੀਤ ਹੈ ਸੋ ਉਨਕੇ ਸਾਸ ਹੈਨ।। ਉਨਾ ਦੀ ਪ੍ਰੀਤ ਉਸ ਦੇ ਨਾਮੁ ਸੰਗ ਹੈ।। ਕੋਕਲ ਨਿਆਈ ਸਾਧ ਹੈ।।ਅਰੁ ਨਾਮੁ ਜੋ ਹੈ ਸੋ ਅੰਮ੍ਰਿਤ ਫਲੁ ਹੈ।। ਓਹੁ ਉਸ ਸਾਥ ਖੁਸੀ ਹੋਤੇ ਹੈ।। ਰੰਗ ਲਗਾਵਤੇ ਹੈ।। ਜਿਉ ਕੋਕਲਿ ਅੰਬ ਫਲੁ ਖਾਇਕੇ ਸੁਭਾਉ ਕਰਿਕੇ ਬੋਲਤੀ ਹੈ।। ਤਿਉ ਸਾਧ ਨਾਮੁ ਫਲ ਅੰਮ੍ਰਿਤ ਫਲੁ ਖਾਇ ਬਹੁਤੇ ਖੁਸ ਹੋਤੇ ਹੈ।। ਇਵ ਕਰਿ ਸਤਿਗੁਰੁ ਰਹੇਗਾ।। ਅਰ ਜੀ ਤੂਟੀ ਤੰਤ ਰਬਾਬ ਕੀ ਏਹੁ ਕੀ ਹੈ।। ਜੋ ਕੋਈ ਉਸ ਕਉ ਮਿਲਿ ਕਰਿ ਫੇਰ ਤੁਟਦੇ ਹੈਨਿ।। ਓਹੁ ਫੇਰ ਨਾਹੀ ਮਿਲਿਦੇ।। ਜਿਉ ਤੰਤ ਰਬਾਬ ਕੀ ਤੁਟਦੀ ਹੈ।। ਫੇਰ ਵਜਦੀ ਨਾਹੀ ਤਿਉ ਵਿਚਿ ਵਿਛੋੜਾ ਪੈ ਜਾਇਗੀ।। ਐਸਾ ਵਖਤੁ ਆਵੇਗਾ ਜੋ ਸਤਿਗੁਰੂ ਕੀ ਨਿੰਦਿਆ ਸਭ ਸੰਸਾਰ ਕਰੇਗਾ।। ਅਤੇ ਸਭ ਭੁਲ ਜਾਵਨਿਗੇ।। ਅਤੇ ਨਰਕਗਾਮੀ ਹੋਵਨਿਗੇ।। ਅਤੇ ਮੇਰਾ ਇਕਨ ਨੋ ਸੰਸਾਰ ਵਿਚ ਦਰਸਨੁ ਹੋਵੇਗਾ ਪ੍ਰਾਪਤ ਹੋਗਾ।। ਪਰ ਜੋ ਨਿੰਦਾ ਤੇ ਰਹਤ ਹੈ।। ਕੈਸੇ ਹੋਵਨਿਗੇ ਓਹੁ ਕਹਨਗੇ ਜੋ ਗੁਰੂ ਕਰਦਾ ਹੈ ਸੋ ਭਲਾ ਹੀ ਕਰਦਾ ਹੈ।। ਜੋ ਭਾਵਸ ਸੋ ਕਰੇ।। ਓਹੁ ਬੁਰਾ ਭਲਾ ਕਿਸੇ ਨੂੰ ਕਹਿਨਗੇ ਨਾਹੀ ।। ਓਹੁ ਸਿਖ ਮੇਲ ਲਈਅਨਗੇ।। ਤਾਂ ਫੇਰ ਅਜਿਤੇ ਰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹੁ ਜਾ ਸਭ ਭੁਲ ਜਾਵੈਗੀ ਤਾਂ ਬਡਾ ਕਲਿਜੁਗ ਆਵੇਗਾ।। ਤਾਂ ਇਨਾ ਜੀਆਂ ਕੇ ਬਾਬ ਕਿਆ ਹੋਵੇਗੀ।। ਤਾ ਫੇਰ ਅਗੋ ਬਾਬੇ ਦਾ ਬੋਲਣਾ ਹੋਇਆ।। ਸਲੋਕੁ।।

ਬਾਦਰਿ ਧੂਅਰ ਪਉਣ ਨਿਵਾਸੀ ਨਿਜ ਪਉੜੀ ਨਿਜ ਥਾਉ।।
ਨਾਂਵੇ ਮਹਲੇ ਨਾਨਕਾ ਚੁਗਲ ਅਪਾਰ ਕਾ ਨਾਉ।।੧੨।।

ਤਿਸਕਾ ਪ੍ਰਮਾਰਥੁ।। ਭਾਈ ਅਜਿਤਿਆ ਏਹ ਦੁਨੀਆ ਜੋ ਹੈ ਸੋ ਬਦਲ ਧੂਏ ਦੇ ਹੈਨ।। ਜੋ ਦੇਖੋ ਦੇਖੀ ਹੋਵਨਗੇ।। ਅਰੁ ਦੇਖੋ ਦੇਖੀ ਫੁਟ ਜਾਣਗੇ।। ਜਿਉ ਧੂਏ ਕੇ ਬਾਦਰ ਪਉਣ ਲਾਗੇ ਨਾਹੀ ਠਹਰਤੀ ਉਡ ਜਾਤੀ ਹੈ।। ਉਨਾ ਕੀ ਨਿਆਈ ਜਾ ਉਸ ਸਮੇ ਗੁਰੂ ਸਾਗੁ ਕਰੇਗਾ।। ਤਾਂ ਸਭ ਦੁਨੀਆ ਖਿੰਡ ਜਾਵੇਗੀ।। ਜਿਉ ਪਉਣ ਲਗੇ ਬਦਲ ਖਿੰਡ ਜਾਦੇ ਹੈਨ।। ਅਰ ਬੁਰੇ ਕਰਮ ਜੋ ਹੈਨ ਸੋ ਤਿਨੀ ਜਾਈ ਟਿਕਨਗੇ।। ਜੋ ਬੇਮੁਖ ਨਿੰਦਕ ਹੋਵਨਿਗੇ।। ਪਰ ਅੰਤ ਪਛੋਤਾਵਨਿਗੇ ਤਾਂ ਅਜਿਤੇ ਰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹ ਕੁਛ ਫੇਰ ਭੀ ਬਖਸੀਅਨਿਗੇ ਕੇ ਨਾ।। ਤਾਂ ਫੇਰ ਗੁਰੂ ਜੀ ਕਾ ਬੋਲਣਾ ਹੋਇਆ ਬਚਾ ਅਜਿਤਿਆ ।। ਇੰਦ੍ਰ ਜੋ ਹੈ ਸੋ ਸਤਿਗੁਰੂ ਹੈ ਤਿਸਦੇ ਸਿਖ ਸਭ ਸਾਧ ਦੇਵਤੇ ਹੈਨਿ।। ਓਹੁ ਨਿਰਤਕਾਰ ਕਰਦਾ ਹੈ ਤਾਂ ਬਖਸਾਇ ਲੈਦੇ ਹੈਨਿ।। ਹਾਣਤ ਕਿਸੇ ਦੀ ਕਰਣੇ ਨਾਹੀ ਦੇਤੇ।। ਸਭ ਸੇ ਕਾ ਭਲਾ ਚਾਹਤੇ ਹੈਨਿ।। ਸਭਨਾ ਕੋ ਮਿਲਾਇ ਲੈਦੇ ਹੈਨਿ।। ਤਿਉ ਬਚਾ ਇਕ ਐਸੇ ਹੀ ਸਿਖ ਹੋਵਨਿਗੇ ਜੋ ਹਾਣਤ ਕਿਸੇ ਦੀ ਨ ਕਰਨਿਗੇ।। ਅਰ ਮਿਲੇ ਕਉ ਮੇਲ ਲੈਨਗੇ।। ਪਰ ਜਾ ਓਹ ਵਖਤ ਆਵੇਗਾ।।ਤਾਂ ਸਾਧਿ ਸਿਖ ਆਗੇ ਹੀ ਸਮਾਏ ਜਾਨਗੇ।। ਐਸੇ ਮਨੁਖ ਰਹਿਨਗੇ ਜੋ ਮਿਲੇ ਨੂੰ ਭੀ ਵਿਛੋੜਨਿਗੇ।। ਸੋ ਪੁਰਖ ਨਰਕਗਾਮੀ ਹੋਵਨਗੇ।। ਨਿਜ ਪਉੜੀ ਨਿਜ ਥਾਉ ਜੁ ਹੈ ਸੋ ਕੀ ਹੈ।। ਸੋ ਉਸਦਾ ਨਾਮੁ ਹੈ ਸਬਦਿ ਕਾ ਜੋ ਉਸ ਵਖਤ ਸਬਦ ਹੀ ਉਚਾਰੀਐਗਾ।। ਸਤਿਗੁਰੂ ਨਿਰਾਲਮੁ ਹੋਇ ਰਹੇਗਾ।। ਜਿਉ ਗੁਰਦਿਆਂ ਜਾਮਾਂ ਧੁਰ ਛਾੜਉਜਲਾ ਹੋਦਾ ਹੈ।। ਐਸਾ ਸੰਸਾਰ ਤੇ ਰਹੇਗਾ ਜੈਸੇ ਕਮਲੁ ਤੇ ਰਹਤ ਹੈ।। ਉਸ ਕੋ ਜਲੁ ਨਾਹੀ ਪੋਹਤਾ।। ਤੈਸੇ ਏਹ ਧੂਏ ਕੇ ਬਾਦਰ ਨਿਕਟਿ ਨ ਆਵਨਿਗੇ।।ਅਰੁ ਬਚਾ ਨਾਂਵਾਂ ਜਾਮਾ ਜੋ ਹੋਵੇਗਾ ਸੋ ਜੁਗ ਪਰਵਾਨ ਹੋਵੈਗਾ।। ਸਾਤੇ ਵਸਤੂੰ ਨਵੀਆ ਹੋਵਨਿਗੀਆ ।। ਅਰ ਅਪਾਰ ਵਸਤ ਜੋ ਹੈ ਸੋਈ ਹੈ।।

ਅਪਾਰ ਵਸਤੁ ਸਬਦੁ ਹੈ।। ਸੋ ਓਥੇ ਸਬਦ ਹੀ ਹੋਵੇਗਾ।। ਸੋ ਇਕ ਐਸੇ ਗੁਰਮੁਖਿ ਹੋਵਨਗੇ ਤਿਸਨੋ ਭੀ ਨਾਉ ਰਖਨਿਗੇ।।ਓਹੁ ਅਪਾਰ ਵਸਤ ਕਿਸੇ ਕੇ ਨਿੰਦਣੇ ਕੀ ਨਾਹੀ।।ਪਰ ਉਸਕੀ ਚੁਗਲੀ ਕਰਿ ਕਰਿਕੇ ਦਰਸਟਿ ਕਰ ਮਰਨਿਗੇ।।ਸਚਿਆਰਾ ਉਪਰਿ ਚੁਗਲੀ ਨਹੀ ਚਲਦੀ।।ਤਾਂ ਫੇਰ ਅਜਿਤੇ ਰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸਾਹਿ ਤੂੰ ਕਛ ਖਾਦਾ ਪੀਦਾ ਭੀ ਹੈ।। ਤਾਂ ਫੇਰ ਬਾਬੇ ਜੀ ਦਾ ਬੋਲਣਾ ਹੋਇਆ ਬਚਾ ਅਜਿਤਆ ਜਿਥੇ ਗੁਰੂ ਕਾ ਆਸਣ ਹੈ ਉਥੇ ਖਾਣਾ ਪੀਣਾ ਕਛੁ ਨਾਹੀ।। ਸਲੋਕ।।

ਆਵੈ ਧੰਧੈ ਘਰਿ ਕੋ ਨ ਕਛੁ ਪੀਐ ਨ ਖਾਇ।।
ਨੀਚਾ ਅੰਦਰਿ ਨੀਚ ਜਾਤ ਸਤਿਗੁਰੁ ਹੈ ਵਿਲਾਇ।।
ਸਾਗੀ ਸਾਂਗ ਰਾਇਸੀ ਫੁਟੇ ਸਗਲ ਜਹਾਨਿ।।
ਨਾਨਕ ਕੋਈ ਗੁਰਮੁਖ ਉਬਰੇ ਸਧਾਂਦ ਰਹੇ ਮਨ ਗਿਆਨ।। ੧੩ ।।

।।ਤਿਸਕਾ ਪਰਮਾਰਥ।।ਭਾਈ ਅਜਿਤਆ ਜਿਥੇ ਗੁਰੂ ਕਾ ਆਸਣ ਹੈ ਤਿਥੇ ਖਾਣ ਪੀਣ ਕੁਛ ਨਾਹੀ।।ਉਥੇ ਸਚੇ ਹੀ ਸਚ ਹੈ।। ਸਚ ਜੋ ਹੈ ਸੋ ਨਾਮੁ ਹੈ ਉਸ ਨਾਮ ਸੰਗ ਪਤਚਿਆ ਰਹੈ।।ਹੋਰ ਸਭ ਦਾ ਰੀਝਾਇਆ ਨਾਹੀ ਰੀਝਦਾ।।ਉਥੇ ਪਾਪ ਪਕਿਰਤ ਕਾਈ ਨਾਹੀ।।ਅਤੇ ਨੀਚਾ ਅੰਦਰਿ ਨੀਚ ਜਾਤ ਹੈ ਸੋ ਕੀ ਹੈ ਓਹ ਆਪਣਾ ਜਣਾਵੇਗਾ ਨਾਹੀ।।ਹਉਮੈ ਤੇ ਅਹੰਕਾਰ ਦੂਰ ਕਰੇਗਾ।।ਸੰਤੋਖ ਖਿਮਾ ਮਸਟ ਉਸ ਕੀ ਜਾਤ ਹੈ।। ਉਥੇ ਹੀ ਸਤਿਗੁਰੂ ਕਾ ਖਾਸਾ ਹੋਵੇਗਾ।।ਜਿਥੇ ਏਹ ਤ੍ਰੈ ਵਸਤੂੰ ਹੋਵਨਿਗੀਆ।।ਅਤੇ ਅਦ ਸੀਗਾਰ ਭੀ ਕਰਦਾ ਹੈ।।ਸਾਧਾ ਨਾ ਮਿਲਿ ਕਰਿ ਸਭ ਕੁਛ ਭੋਗਦਾ ਹੈ।।ਪਰ ਉਸਨੂ ਕੁਛ ਨਹੀ ਲਗਦਾ।। ਓਹੁ ਅਲਪਤ ਹੈ।।ਪਰ ਸਾਂਗ ਵਿਚਿ ਰਹੇਗਾ।।ਸਾਂਗੁ ਜੁਗ ਜੁਗ ਕਰਦਾ ਆਇਆ ਹੈ।।ਪਰ ਜੋ ਇਸ ਕਲਜੁਗ ਵਿਚ ਸਾਂਗ ਕਰੇਗਾ ਤਿਸਦੇ ਸਭ ਫਿਟ ਜਾਵੇਗੀ।।ਸੋ ਕਉਣ ਕਉਣ ਭੁਲਨਿਗੇ ਸਿਧਿ ਸਾਧਕਿ ਸਿਖ ਸਾਖੀ ਸਭ ਫਿਟ ਜਾਨਗੇ।।ਕੋਈ ਵਿਰਲਾ ਗੁਰਮੁਖ ਸਾਬਤ ਰਹੇਗਾ।।ਓਹੁ ਸਬਦ ਗੁਰੂ ਕਾ ਕਹੇਗਾ।।ਸਬਦ ਕਰਕੇ ਰਹੇਗਾ।। ਸਬਦ ਪਰ ਚਲੇਗਾ ਸਬਦ ਕਉ ਮੰਨੇਗਾ।।ਹੋਰ ਗਲਾ ਝੂਠ ਕਰ ਮਨੇਗਾ।।ਸੋਈ ਪੁਰਖ ਸਤਿਗੁਰੂ ਕਾ ਸਿਖ ਹੋਵੇਗਾ।।ਹੋਰ ਸਭ ਨਰਕਗਾਮੀ ਹੋਵਨਿਗੇ।।ਤਾਂ ਫੇਰ ਅਜਿਤੇ ਰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹਿ ਐਸਾ ਇਕ ਕੋਈ ਹੋਵੇਗਾ।।ਅਤ ਜੀ ਹੋਰਨਾ ਜੀਅ ਕੇ ਬਾਬ ਕੀ ਹੋਵੇਗਾ।।ਤਾਂ ਫੇਰ ਬਾਬੇ ਜੀ ਕਾ ਬੋਲਣਾ ਹੋਇਆ।। ਸਲੋਕ ।।

ਲਖਿ ਕਰੋੜੀ ਜੀਵਤੇ ਕੋਨ ਨਰਕ ਭੁੰਚਾਈਐ।।
ਲਾਗੈ ਅੰਕ ਕਾਜੀਓ ਬਹੁ ਪਚਾਈਐ।।
ਹੁਕਮ ਹੋਇਆ ਧਰਮਰਾਇ ਕੋ ਕਾਢੇ ਨਰਕ ਨਿਵਾਸ।।
ਇਨਾ ਜੀਆ ਸਤਿਗੁਰ ਨਹੀ ਭੇਟਿਆ ਕਰਹਿ ਬ੍ਰਹਮੇ ਕੀ ਆਸ।।
ਤਾਂ ਲੋ ਖੇਲਿ ਧਿਆਈਐ ਏਹ ਦਾਣੇ ਪਾਣੀ ਕਾ ਜੀਉ।।
ਮਾਇਆ ਮਮਤਾ ਮੋਹਣੀ ਤਾਂ ਸਿਉ ਲਗਾ ਜੀਉ।।
ਨਾਨਕ ਆਸਣੁ ਪੂਰਿਆ ਫਿਰ ਨਰਕ ਸਿਧਾਸ ਨ ਜੀਉ।। ।।

ਤਿਸਕਾ ਪਰਮਾਰਥ।। ਸੁਣ ਭਾਈ ਅਜਿਤਿਆ ਛਿਨਵੇਂ ਕਰੋੜੀ ਜੋ ਜੀਵ ਥੇ ਤਿਨਾ

ਸਤਿਗੁਰੂ ਕੋਉ

ਨਾ ਜਾਣਿਆ ਸੀ।। ਬ੍ਰਹਮਾ ਬ੍ਰਹਮ ਜਪਦਿਆ ਸਾਰੀ ਉਮਰ ਗੁਜਰ ਗਈ।। ਕਹਿਣ ਜੋ ਹਮ ਭੀ ਬ੍ਰਹਮ ਹੈ. ਗੁਰੂ ਭੀ ਬ੍ਰਹਮ ਹੈ।। ਅਰੁ ਸਤਿਗੁਰੂ ਸਿਉ ਵਾਦਿ ਕਰਦੇ ਸੇ।। ਜੋ ਅਸੀ ਵਡੇ ਹਾਂ ਅਸਾਡੇ ਜੇਹਾ ਹੋਰ ਕੋਈ ਨਾਹੀ।। ਉਨਾ ਦਾਵਾ ਬਧਾ ਸੀ।। ਓਹੁ ਮਾਰ ਇਦਾਰ ਕਰਣੇਹਾਰੇ ਖਉ ਕੀਤੇ।। ਕੁੰਭੀ ਨਰਕ ਮੇ ਸਭ ਪਾਏ।। ਉਨਾਂ ਨੂੰ ਸਿਲਲਾਂਦਿਆ ਸਤਿਜੁਗ ਬੀਤ ਗਿਆ।। ਫਿਰ ਤ੍ਰੇਤੇ ਜੁਗ ਗੁਰੂ ਜਨਕ ਬਿਦੇਹੀ ਦੀ ਆਗਿਆ ਸਾਥਿ ਨਰਕੋ ਨਿਕਲੇ।। ਸੋ ਕਿਉ ਕਰ ਨਰਕੋ ਨਿਕਸੇ ਥੇ।। ਜਾ ਸਤਿਗੁਰੂ ਕੇ ਜਾਮੇ ਕਾ ਪਉਣ ਉਨਾ ਨੂੰ ਲਗਾ ਸੀ।। ਤਾਂ ਓਹੁ ਪੁਰਖ ਨਿਰਕੋ ਬਾਹਰਿ ਨਿਕਲੇ ਸੇ।। ਭਾਵੇ ਉਨਾ ਵਾਦ ਕੀਤਾ ਸੀ।। ਪਰ ਭਾਈ ਅਜਿ ਤਯਾ ਗੁਰੂ ਨਿਰਵੈਰ ਹੈ ਵੈਰ ਕਿਸੀਨਾਲ ਨਹੀ ਰਾਖਤਾ।। ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹ ਓਹੁ ਕਿਉ ਕਰਿ ਪਉਣ ਲਾਗੀ ਸੀ।। ਤਾਂ ਫੇਰ ਗੁਰੂ ਜੀ ਕਾ ਬੋਲਣਾ ਹੋਇਆ।। ਜਾਂ ਗੁਰੂ ਜਨਕ ਜੀ ਸਚੇ ਖੰਡ ਕੋ ਚਲੇ ਹੈਨ ਤਾਂ ਹੁਕਮ ਕੀਤੇ ਨੇ ਨਾਲੇ ਗਣ ਗੰਧਰਬ ਬਹੁਤ ਭਗਤ ਥੇ।। ਪੁਹਪ ਬਿਬਾਣ ਉਠਾਈ ਜਾਂਦੇ ਸੇ।। ਤਾਂ ਉਨਾਂ ਨੂੰ ਹੁਕਮ ਕੀਤੇ ਨੇ ਜੋ ਅਸਾਨੋ ਨਰਕ ਕੇ ਜੀਵ ਹੈਨ ਸੋ ਜਾਇ ਵਿਖਾਲੋ।। ਤਾਂ ਉਨਾਂ ਭਗਤਾ ਅਰਦਾਸ ਕੀਤੀ ਜੀ ਸਚੇ ਪਾਤਿਸਾਹੁ ਤੁਸਾ ਨੋ ਨਰਕ ਸੁਰਗ ਨਾਲ ਕੀ ਕੰਮ ਹੈ।। ਤੁਸੀਂ ਸਚ ਖੰਡ ਕੋ ਚਲੋਹੁ।। ਤਾਂ ਫੇਰ ਹੁਕਮ ਕੀਤੋ ਨੇ ਅਸਾ ਤਾਂ ਏਹੁ ਤਮਾਸਾ ਦੇਖ ਕਰ ਚਲਣਾ ਹੈ।। ਤਾਂ ਗਣਿ ਹੁਕਮ ਮੰਨਿ ਕੇ ਲੈ ਚਲੇ ਤਾਂ ਅਗੋ ਪੁਕਾਰ ਆਵਦੀ ਸੀ ਨਰਕ ਕੇ ਜੀਅ ਬਹੁਤ ਕਰਲਾਵਦੇ ਹੈਸਨਿ।। ਪਰ ਜਿਉ ਗੁਰੂ ਜਨਕ ਕਾ ਵਿਵਾਣ ਨੇੜੇ ਆਇਆ ਤਾਂ ਓਹੁ ਜੀਅ ਸਭ ਚੁਪ ਕਰ ਗਏ।। ਅਰ ਧਰਮ ਰਾਇ ਆਸਣ ਛੋਡ ਕਰਿ ਭੰਨਾ।। ਤਾਂ ਓਹੁ ਚਿਤ ਗੁਪਤ ਭੀ ਨਾਲੇ ਭਨੇ।। ਤਾਂ ਫੇਰ ਗੁਰੂ ਜਨਕ ਜੀ ਓਹਨਾ ਨਰਕ ਕੇ ਜੀਆ ਸੇ ਪੁਛੇ ਤੁਸੀ ਜੋ ਕੁਰਲਾਵਦੇ ਸੇ ਸੋ ਹੁਣ ਕਿਉ ਕਰਿ ਸਾਂਤਿ ਆਈ।। ਤਾਂ ਉਹ ਨਰਕ ਕੇ ਜੀਵ ਬੋਲੇ ਜੋ ਜੀ ਤੇਰੇ ਜਾਮੇ ਕਾ ਜੋ ਸੀਤਲ ਪਉਣ ਲਗਾ ਹੈ ਤਾਂ ਅਸਾਨੋ ਸਾਂਤਿ ਆਈ ਹੈ।।ਤੇ ਤਪਤਿ ਬੁਝ ਗਈ ਹੈ।।ਅਰੁ ਜਮ ਦੂਤ ਜੋ ਅਸਾ ਨੂੰ ਮਾਰਦੇ ਸੇ ਸੋ ਸਭ ਨਸਿ ਗਏ ਹੈ।।ਤਾਂ ਹੁਕਮ ਹੋਇਆ ਜੋ ਇਨਾ ਕੋ ਬਾਹਰਿ ਕਾਢੋ।।ਤਾਂ ਸਤਿਗੁਰੂ ਸਜੇ ਪੈਰ ਕੇ ਅੰਗੂਠੇ ਨਾਲਿ ਛਿਨਵੇ ਕਰੋੜੀ ਅਤੇ ਬੀਸ ਲਖ ਜੀਵਨ ਨਰਕ ਵਿਚੋ ਕਾਢੇ ਸਨਿ।। ਤਾਂ ਧਰਮ ਰਾਇ ਨਰੰਜਨ ਨਿਰੰਕਾਰ ਜੀ ਆਗੇ ਜਾਇ ਪੁਕਾਰਿਆ।। ਜੋ ਜੀ ਇਕ ਮਹਾਪੁਰਖੁ ਆਇਆ ਹੈ ਜਿਸਕੋ ਜਨਕ ਬਿਦੇਹੀ ਕਹਿਤੇ ਹੈ।। ਉਸਨੇ ਜੋ ਨਰਕ ਕੇ ਜੀਵ ਹੈਨਿ ਸੋ ਸਭ ਨਰਕੋ ਬਾਹਰਿ ਕਢ ਬਹਾਏ ਹੈਨ।। ਜਿਉ ਤੁਮਾਰੀ ਆਗਿਆ ਹੋਵੈ।। ਤਾਂ ਫੇਰ ਸਾ ਨਿਰੰਕਾਰ ਜੀ ਬੋਲਿਆ।। ਹੇ ਧਰਮਰਾਇ ਉਸ ਮਹਾਪੁਰਖ ਕਉ ਕੁਛ ਨਹੀ ਕਹਣਾ।। ਜੇ ਓਹੁ ਚਾਹੈ ਤਾਂ ਨਰਕ ਹੀ ਦੂਰ ਕਰਿ ਦੇਵੈ।। ਪਰ ਉਸ ਕੋ ਰਾਜੀ ਰਖਣਾ ਹੈ।। ਤਾਂ ਧਰਮਰਾਇ ਹਥਿ ਜੋੜਿ ਕੇ ਅਰਦਾਸ ਕੀਤੀ।। ਜੀ ਫੇਰ ਸ੍ਰਿਸਟਿ ਕਾ ਬਧੇਜ ਕਿਉਂ ਕਰਿ ਚਲੇਗਾ।। ਤਾਂ ਫੇਰ ਨਿਰੰਕਾਰ ਕੀ ਆਗਿਆ ਹੋਈ ਜੋ ਹੇ ਧਰਮਰਾਇ ਤੂੰ ਉਸੀ ਭਗਤ ਪਾਸ ਜਾਇ।। ਜਿਉ ਕਰ ਰਾਜੀ ਹੋਵੈ ਤਿਵੇ ਕਰਣਾ।। ਤਾਂ ਧਰਮਰਾਇ ਸ੍ਰੀ ਸਤਿਗੁਰੂ ਆਗੈ ਆਇ ਹਥ ਜੋੜ ਖੜਾ ਹੋਇਆ।। ਅਰਦਾਸਿ ਕੀਤੀਓਸੁ ਜੋ ਜੀ ਮਿਹਰਵਾਨ ਇਨਾ ਜੀਆ ਬਡੇ ਪਾਪ ਕੀਤੇ ਹੈਨਿ।। ਅਗਣਿਤ ਹੀ।। ਤਾਂ ਉਸ ਵਖਤ ਸਤਿਗੁਰੂ ਨਿਰੰਕਾਰ ਨਾਲਿ ਧਿਆਨ ਧਰਕੇ ਤਪਸਿਆ ਕੀਤੀ ਹੈ ਸੀ।। ਜਾਂ ਤਾਂੜੀ ਗੁਰੂ ਜੀ ਖੋਲੀ ਤਾਂ ਧਰਮਰਾਇ ਜੋਗੁ ਆਖਿਓਸੁ ।।ਏ ਧਰਮਰਾਇ ਏ ਤਪਸਿਆ ਸਵਾ ਘੜੀ ਕੀ ਜੀਆ ਕੋ ਮੁਜਰੇ ਦੀਜੈ।। ਪਾਪਾ ਕੇ ਬਦਲੇ ਇਨਾ ਕੀ ਖਲਾਸੀ ਕੀਚੈ।। ਤਾਂ ਧਰਮਰਾਇ ਤਮਾਉ ਕੀਤਾਂ।। ਤਪਸਿਆ ਏਕ ਧਾਰਣ ਮੰਡੀ।। ਜੀਆ ਕੇ ਪਾਪ

ਏਕ ਧਾਰਨਾ ਮਤਿ।। ਤਾਂ ਤਪਸਿਆ ਪੂਰਨੀ ਹੋਈ।। ਜੀਆ ਕੇ ਪਾਪ ਛੁਟੇ ਹੋਏ।। ਨਾਮ ਕੀ ਮਹਿਮਾ ਜੋ ਹੈ ਸੋ ਅਗਮ ਹੈ।। ਫੇਰ ਜੀਆਂ ਨੇ ਸੁਰਗ ਮਹਿਮ ਪਾਇਆ।। ਤਾਂ ਉਥੇ ਸੁਖ ਭੋਗਿ ਕੇ ਨਰਕਾਵਟ।। ਤਾਂ ਫੇਰ ਗੁਰੂ ਨਾਨਕ ਜੀ ਪੁਛਿਆ ਜੀ ਉਨਾ ਜੀਆਂ ਦਾ ਛੁਟਣ ਕੀ ਹਵਾਲਿ ਹੈ।। ਤਾਂ ਅਗੋ ਧਰਮਰਾਇ ਕਹਿਆ ਜੀ ਨ ਉਹੁ ਸੁਰਗ ਜੋਗ ਨ ਨਰਕ ਜੋਗਿ।। ਉਹੁ ਅਪਬੀਤ ਹੀ ਸਾਕਤੇ ਹੈਨ।। ਅਗੋ ਇਨਾ ਕੁਛ ਨਹੀ ਕੀਜਿਆ।। ਜੋ ਇਥੇ ਇਨਾ ਨੂੰ ਮਿਲੈ।। ਤਾਂ ਸਤਿਗੁਰੂ ਨਿਰੰਕਾਰ ਕੋ ਜਾਇ ਕਹਿਆ।। ਤਾਂ ਸਚੇ ਨਿਰੰਕਾਰ ਜੀ ਕਹਿਆ ਜੋ ਜੀ ਏਹ ਜੀਅ ਤੇਰੇ ਹਵਾਲੇ ਹੈ।। ਇਨਾ ਕੋ ਮਿਰਤ ਮੰਡਲ ਲੇ ਜਾਵਹੁ।। ਇਨਾ ਕੋ ਨਾਮੁ ਦਾਨੁ ਇਸਨਾਨ ਦ੍ਰਿੜਾਵਹੁ।।ਤਾਂ ਇਨਾ ਜੀਆ ਕਾ ਉਧਾਰ ਹੋਵੈ।। ਤਾਂ ਫੇਰ ਸਤਿਗੁਰੂ ਅਰਦਾਸ ਕੀਤੀ ਜੀ ਏਹ ਦਾਣੇ ਪਾਣੀ ਕੇ ਜੀ ਹੈਨਿ।।ਇਨਾ ਦਾ ਰਿਜਕ ਭੀ ਕਿਥਿਆ ਮਿਲੈ।। ਜੋ ਇਨਾ ਦਾ ਖਰਚੁ ਹੈ। ਤਾਂ ਫੇਰ ਸਚੇ ਨਿਰੰਕਾਰ ਕਹਿਆ ਏ ਜਨਕ ਇਨਾ ਦਾ ਰਿਜਕ ਭੀ ਤੇਰੇ ਹਵਾਲੇ ਹੈ।।ਤਾਂ ਫੇਰ ਸ੍ਰੀ ਸਤਿਗੁਰੂ ਜੀ ਅਰਦਾਸ ਕੀਤੀ ਜੀ

ਗਰੀਬ ਨਿਵਾਜ ਤੇਰੀ ਕੋਠੜੀ ਵਿਚ ਸਭ ਕਿਛੁ ਹੈ।। ਤਾਂ ਨਿਰੰਕਾਰ ਕੀ ਆਗਿਆ ਹੋਈ ਜੋ ਤੂੰ ਜਾਹਿ ਤੂੰ ਮੇਰਾ ਸਿਖੁ ਹੋਇਆ।। ਏਹੁ ਸਭ ਜੀ ਤੇਰੇ ਸਿਖ ਹੂਏ।। ਤਾਂ ਨਿਰੰਕਾਰ ਕੀ ਬਾਣੀ ਕੇ ਕਾਰ ਇਸ ਸੰਜੁ ਸਤਿਗੁਰੂ ਜਾਮਾ ਪਹਿਰਿਆ।। ਇਸ ਵਾਸਤੇ ਜਗਤਿ ਮੇ ਆਇਆ।। ਪਰ ਭਗਤਾਂ ਅਜਿਤਿਆ ਜਿਸਦੇ ਪੂਰੇ ਭਾਗ ਹੋਵਨਗੇ ਸੋ ਪੁਰਖ ਸੁਧ ਕਰਨਗੇ।। ਹੋਰ ਮਾਇਆ ਮਮਤਾ ਕੇ ਲੋਭ ਹੈਨ।। ਜਿਤਨੇ ਤਾਈ ਮੇਰਾ ਜਾਮਾ ਰਹੇਗਾ।। ਦਸਾ ਮਹਲਾ ਤਾਈ ਗੁਰੂ ਜਾਮਾ ਹਾਜਰ ਰਖੇਗਾ।। ਤੇ ਜਾਮੇ ਤਾਂ ਮੇਰਾ ਹੀ ਸਰੂਪ ਹੈ।। ਅਰੁ ਸਤਿ ਜਾਮੇ ਪਿਛੇ ਮੇਰੀ ਹੀ ਜੋਤਿ ਹੋਵੈਗੀ।। ਪਿਛੇ ਧੁੰਧੂਕਾਰ ਪਇ ਜਾਵੇਗਾ।। ਆਪੋ ਆਪਣੇ ਮਤਿ ਚਲਾਵੇਗੇ।। ਗੁਰੂ ਇਕੋ ਹੋਵੇਗਾ।। ਮਤਿ ਬਹੁਤੇ ਹੋਇ ਜਾਵਨਿਗੇ।। ਅਰ ਮਤਿ ਮਤੀ ਕੀ ਨਿੰਦਿਆ ਕਰੇਗਾ।। ਵਰਜਣਹਾਰਾ ਕੋਈ ਨ ਹੋਵੇਗਾ।। ਕੋਈ ਇਕ ਅਧ ਸਮਦਰਸੀ ਸਤਿਗੁਰੂ ਦਾ ਸਿਖ ਹੋਵੇਗਾ।। ਨਹੀਂ ਤਾਂ ਹੋਰੁ ਸਭ ਸਿਖੁ ਸਿਖਾ ਹੀ ਕੀ ਨਿੰਦਿਆ ਕਰਣਗੇ।। ਅਤੇ ਬੇਮੁਖ ਹੋਵਨਿਗੇ।। ਸੋ ਫੇਰ ਨਰਕਗਾਮੀ ਕਰੀਅਨਿਗੇ।। ਜੋ ਸਤਿਗੁਰੂ ਕੇ ਸਬਦ ਕੋ ਨ ਜਾਣਨਗੇ ਸੋ ਨਿਰਾਸ ਹੋਵਨਿਗੇ।। ਉਹੁ ਸਿਖ ਇਨਾ ਜੀਆਂ ਦੇ ਸਿਰ ਉਲਟਦੀ ਨਾਹੀ।। ਅਗੇ ਸਤਿਗੁਰੂ ਕੇ ਭਾਵੇ ਸੋ ਹੋਇ।।

।। ਸਲੋਕ।।

ਭਗਤਾ ਕੋ ਆਗਿਆ ਭਈ ਲਾਹਾ ਲੇਹੁ ਅਮੋਲ।।
ਆਏ ਜਗ ਮਹਿ ਸਾਧ ਜਨ ਨਾਮ ਅਜਾਈ ਤੋਲੁ।।
ਦੀਵਾ ਸਬਦ ਜਗਾਇਆ ਘਰਪੈ ਘਰਪੈ ਭੰਟ।।
ਸਬਦ ਗੁਰੂ ਤੇ ਵੀਛੜੇ ਕੂਕ ਕਮਾਵਹਿ ਅੰਧ।।
ਕਾਮ ਕਸਊਟੀ ਹਾਥਿ ਕਰੀ ਸੰਗਿ ਤਿਰੀਆਂ ਸੋ ਮੋਹ।।
ਨਾਨਕ ਕੂਕ ਸੁਣਾਇਅਨਿ ਮਿਲਿਆ ਪ੍ਰਭ ਸੋਇ।। ੧੫ ।।

।।ਤਿਸਕਾ ਪਰਮਾਰਥੁ।। ਬਚਾ ਅਜਿਤਿਆ ਭਗਤਾ ਨੂੰ ਆਗਿਆ ਹੈ ਜੋ ਤੁਸੀਂ ਜਗ ਮਹਿ ਜਾਵਹੁ।। ਤੁਸੀ ਜਾਇਕੇ ਮੇਰਾ ਨਾਮੁ ਦ੍ਰਿੜਾਵਹੁ।। ਜਗ ਜੋ ਹੈ ਸੋ ਅੰਧ ਗੁਬਾਰ ਹੈ।। ਮਾਇਆ ਕਾ ਅੰਧ ਹੈ।। ਜਾਇ ਕਰ ਸਬਦ ਕਾ ਦੀਵਾ ਜਗਾਇਓ।। ਜੋ ਤਿਮਰ ਅੰਧੇਰਾ ਮਿਟ ਜਾਵੇ।। ਰੁਸਨਾਈ ਹੋਵੇ।। ਅਰੁ ਅਮੋਲ ਵਸਤੁ ਜੋ ਹੈ ਸੁ ਨਾਮੁ ਹੈ।। ਅਰੁ ਅਤੋਲ ਹੈ।। ਸੋ ਜਾਇਕੇ ਆਪ ਭੀ ਜਪੋ ਤੇ ਸੰਸਾਰ ਕੋ ਭੀ ਦ੍ਰਿੜਾਵਹੁ।। ਤਾਂ ਸੰਸਾਰ ਕੀ ਭੀ ਗਤਿ ਹੋਵੈ।। ਸੋ ਸ੍ਰੀ ਪਾਰਬ੍ਰਹਮ ਕੀ ਆਗਿਆ ਨਾਲ ਸੰਸਾਰ ਵਿਚੇ ਆਇ ਜਨਮ ਲਿਓਨੇ।। ਉਨਾਂ ਕੋ ਏਹਾ ਮਿਲਿਆ, ਨਾਮ ਦਾਨ ਇਸਨਾਨ ਗਿਆਨ ਭਾਉ ਭਗਤਿ ਧਰਮੁ ਦਇਆ ਜਤੁ ਸਤਿ ਸੰਤੋਖ ਖਿਮਾ ਗਰੀਬੀ ਸੀਲ ਸੰਜਮੁ ਸੇਵਾ ਟਹਿਲ ਏ ਵਸਤੂ ਉਨਾ ਭਗਤਾਂ ਨੂੰ ਮਿਲੀਆ।। ਸੋ ਲੈ ਕੇ ਜਗ ਵਿਚ

ਅਤੇ ਭਗਤਿ ਜੋ ਕੋਈ ਕਰੇਗਾ ਸੋ ਕਪਟ ਕੀ ਕਰੇਗਾ।। ਸੋ ਆਪਣੀ ਪ੍ਰਾਲਬਧ ਦੇ ਵਾਸਤੇ ਕਰੇਗਾ।। ਜੋ ਹਉ ਵਡਾ ਕਹੀਆ ਸੰਸਾਰ ਮਾਤ ਮਨੈ ਅਰੁ ਰਾਗਿ ਜੋ ਹੈ ਸੋ ਸਬਦ ਹੈ।। ਅਰੁ ਗਾਫਲੀ ਜੋ ਹੈ ਸੋ ਰੁਜਗਾਰ ਹੈ।। ਓਹੁ ਆਪਣੇ ਰੁਜਗਾਰ ਕੇ ਵਾਸਤੇ ਗਾਵਨ ਪੜਨਿਗੇ।। ਜਿਥੇ ਕਛੁ ਹਥ ਆਵੇਗਾ ਤਿਥੇ ਹੀ ਸੁਣਾਵਨਿਗੇ।। ਅਤੇ ਖਾਵਣ ਪੀਵਣ ਕੇ ਮੇਲੇ ਹੋਵਨਿਗੇ।। ਗੁਰੂ ਕਾ ਅਰਥੁ ਕੋਈ ਵਿਰਲਾ ਹੀ ਜਾਣੇਗਾ।। ਸੰਸਾਰ ਸਭੋ ਹੀ ਸੁਆਦੇ ਹੀ ਲਗਿ ਜਾਵੇਗਾ।। ਅਰੁ ਸਬਦ ਕੋਈ ਵਿਰਲਾ ਹੀ ਖੋਜੇਗਾ।। ਅਰੁ ਸਤਿਗੁਰੂ ਕੀ ਮਤਿ ਖਰੀ ਚੰਗੀ ਹੈ।। ਸੋ ਕੋਟੇ ਮਧੇ ਹੋਵੇਗੀ।। ਸੋ ਮਤਿ ਕੇਹੀ ਹੈ।। ਨਾਮੁ ਦਾਨ ਇਸਨਾਨ ਸਤਿ ਸੰਤੋਖ ਸੀਲ ਸੰਜਮ ਜਪ ਤਪੁ ਦਇਆ ਧਰਮ ਭਾਉ ਭਗਤਿ ਗਰੀਬੀ ਟਹਲ ਏਹ ਸਤਿਗੁਰੂ ਕੀ ਮਤਿ ਹੈ।। ਕਾਮ ਕਰੋਧ ਅਹੰਕਾਰ ਲੋਭ ਧ੍ਰੋਹ ਮੋਹ ਪਰ ਨਿੰਦਿਆ ਕਬੁਧ ਹਿਰਸਾਇ ਤ੍ਰਿਸਨਾ ਏਹ ਛਡਣੀਆ ਹੈਨ।। ਅਤੇ ਜੇ ਕੋਈ ਸਿਖ ਸਤਿਗੁਰੂ ਕਾ ਨਾਉਂਧਰੀਕ ਹੈ। ਸਭ ਕੀ ਟਹਿਲ ਕਰਣੀ।।ਜੋ ਕੋਈ ਏਹੁ ਹੁਕਮ ਮਨਿ ਕਮਾਵੇ ਦਰਸਨ ਕਰੇ ਸਬਦ ਮਨਿ ਵਸਾਏ ਤਾਂ ਤਿਸ ਕੋ ਪਾਹੁ ਲਾਗਦਾ ਹੈ।। ਓਹੁ ਬੁਰਿਆਂ ਕਰਮਾ ਤੇ ਸਰਮਿੰਦਾ ਹੈ।। ਜਾਂ ਬੁਰਿਆਂ ਕਰਮਾਤੇ ਸਰਮਾਇਆ ਅਰੁ ਗੁਰਾਂ ਕੇ ਉਪਦੇਸ ਤੇ ਚਲਿਆ ਤਾਂ ਇਸ ਮਨੁਖ ਕਉ ਰੰਗ ਲਾਗਦਾ ਹੈ।। ਓਹੁ ਜੀਵਦਿਆ ਹੀ ਗਤਿ ਕੋ ਪ੍ਰਾਪਤ ਹੋਆ।। ਅਰ ਜੇ ਕਮਾਵੈ ਕੁਛ ਨਾਹੀ ਤਾਂ ਕਿਉਂ ਕਰਿ ਪਹੁਚੈ।। ਇਸਕੀ ਜਾਂ ਜੁਗਤਿ ਭੁਗਤਿ ਹੋਵੈ ਨਾਹੀ।। ਤਾਂ ਕਿਉਂ ਕਰਿ ਮਿਲਾਵਾ ਹੋਵੈ।। ਕਹੁ ਨਾਨਕ ਪ੍ਰਭ ਅਗਮ ਅਗੋਚਰ ਕਉਣ ਜੁਗਤਿ ਤਾਕੀ ਹੋਈ ਭਗਤਿ।। ਤਾਂ ਫੇਰ ਸਤਿਗੁਰੂ ਜੀ ਕਾ ਬੋਲਣਾ ਹੋਇਆ।। ਸੁਣ ਭਾਈ ਅਜਿਤਿਆ ਐਸਾ ਵਖਤ ਆਵੇਗਾ ਜੋ ਘਰਿ ਘਰਿ ਮੰਜੀਆਂ ਪਾਇ ਬਹਨਿਗੇ।। ਅਰੁ ਗੁਰੂ ਸਦਾਇਨਗੇ।। ਤਾਂ ਉਨਾ ਦੇ ਪਿਛੇ ਸੰਸਾਰ ਲਗ ਜਾਵੇਗਾ।।ਤਾਂ ਉਨਾਂ ਮੰਜੀਆਂ ਦੇ ਬਾਬਤ ਏਹ ਹੋਵੇਗਾ।। ਸਲੋਕ ।।

ਪਦੁ ਨਿਰਬਾਣ ਹੈ ਬਿਹੰਗਮ ਦੇਖ ਦੇਖ ਬਿਸਮਾਈ।।
ਬਾਧੇ ਮੋਹਿ ਮਾਇਆ ਕੇ ਫੰਦਨ ਬਹੁ ਲਾਗੇ ਗੁਰ ਰਹਾਈ।।
ਚਕਨਾਚੂਰ ਕਰੇ ਗੁਰੂ ਪੂਰਾ ਤਾਂ ਕਾ ਲੇਖੁ ਨ ਮਿਟਿਆ ਜਾਈ।।
ਮੁਸਲਮਾਨ ਸਿਫਤਿ ਸ਼ਰੀਅਤਿ ਸਾਚੇ ਕੀ ਵਡਿਆਈ।।
ਕਹੁ ਨਾਨਕ ਧੁੰਧੂਕਾਰ ਵਰਤੇ ਅਲਹੁ ਅਗਮ ਖੁਦਾਈ।। ੧੭ ।।

ਤਿਸਕਾ ਪ੍ਰਮਾਰਥੁ।। ਪਦ ਗੁਰੂ ਜੋ ਬਿਹੰਗਮ ਪਰਮੇਸਰ ਕਾ ਰੂਪ ਹੈ।। ਏਹ ਜੁਗਤਿ ਗੁਰੂ ਦੇਖ ਦੇਖ ਬਿਗਸੇਗਾ।। ਅਰੁ ਨਿਰਬਾਣ ਜੋ ਹੈ ਸੋ ਨਿਰਲੇਪ ਹੈ।। ਜਿਉਂ ਮੁਰਗਾਈ ਦੇ ਪਰ ਨਾਹੀਂ ਭਿਜਦੇ।। ਤਿਉ ਓਹ ਮਾਇਆ

ਆਏ।। ਸਤਿਗੁਰੂ ਆਪ ਸਦਾਏ।।ਤਿਨਾ ਨਾਲਿ ਸਤਿਗੁਰੂ ਕਾ ਵਾਸਾ ਹੋਇਆ।।ਜੋ ਕੋਈ ਉਨਾ ਨਾਲ ਮਿਲੈਗਾ।।ਸੋ ਸਤਿਗੁਰੂ ਲਭ ਪਾਵੇਗਾ।। ਅਰ ਜੇ ਕੋਈ ਉਨਾ ਦਾ ਕਹਿਆ ਨ ਕਰੈਗਾ ਤਿਨਾ ਨੋ ਸਤਿਗੁਰੂ ਨ ਮਿਲੈਗਾ।।ਓਹੁ ਅਰੋ ਵੀ ਵਿਚਾਲੀਏਗਾ।। ਦੁਖ ਪਾਵੇਗਾ।।ਉਨ ਨੇ ਸਬਦ ਭੀ ਨ ਕਰੇਗਾ।। ਅਰ ਜੇ ਕਛੁ ਥੋੜਾ ਬਹੁਤ ਕਮਾਵਹਿਗੇ ਸੋ ਭੀ ਨਿਫਲੁ ਜਾਵੇਗਾ।।ਤਿਨ ਕੋ ਸਬਦੁ ਭੂਲ ਜਾਵੇਗਾ।। ਸੇਵਾ ਥਾਇ ਨ ਪਵੇਗੀ।। ਓਹ ਕੂੜ ਕਪਟ ਕਮਾਵਹਿਗੇ।। ਅਰ ਇਸਤ੍ਰੀਆ ਸੋ ਮੋਹ ਲਗਾਵਹਿਗੇ।। ਕਾਮ ਕਮਾਵਹਿਗੇ।। ਜੋ ਗਲਾ ਮਨਾਹਾ ਕੀਤੀਆ ਹੈਨਿ ਸੋਈ ਕਮਾਵਹਿਗੇ।। ਤਿਨਾ ਪੁਰਖ ਕੋ ਸਤਿਗੁਰੂ ਕਾ ਮੇਲਾ ਹੋਵੇਗਾ ਨਾਹੀ।। ਓਹੁ ਨਿਰਾਸ ਹੀ ਜਾਵਹਿਗੇ।।ਮਨੁਖਾ ਜਨਮੁ ਨੂੰ ਪਾਇਕੇ।। ਜਿਉਂ ਕੋਈ ਪਰਦੇਸ ਵਿਚ ਧਨ ਖਟਦਾ ਹੈ।। ਅਤੇ ਫਰ ਮਾਰਲੀ ਕਹਿਕੇ ਖੋਵਦਾ ਹੈ।। ਤਿਉ ਉਨਾ ਦੀ ਸੇਵਾ ਭਾਉ ਖੋਇਆ ਜਾਇਗੋ।। ਅਸਾ ਉਨਾ ਦੀ ਪੂਰੀ ਨਾ ਹੋਗੁ।। ਸੋ ਜੀ ਨਿਰਾਸ ਜਾਹਿਗੇ।। ਫੇਰ ਨਰਕ ਹੀ ਪਾਈਅਹਿਗੇ ਕਹੁ ਨਾਨਕ ਆਸਾ ਨਾ ਪੂਰੀਆ ਫਿਰ ਨਰਕ ਸਿਧਾਰੇ ਜੀਆਂ।।ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸਾਹਿ।। ਛਿਨਵੇ ਕਰੋੜੀ ਬੀਜ ਜਿਥੇ ਕਹਿਆ ਫੇਰ ਤਿਥਾਉ ਪਾਇਆ।।ਤਾਂ ਸਚੇ ਪਾਤਸਾਹ ਜੋ ਤੇਰੇ ਸਬਦ ਸਾਖੀ ਲਿਖਦੇ ਪੜਦੇ ਸੇ।। ਪਰ ਜੀ ਆਪ ਏਹ ਕਹੋ ਲਿਖੇ ਪੜੇ ਕਾ ਇਨਾ ਨੋ ਕੁਛ ਫਲ ਹਥਿ ਆਵੇਗਾ ਕੇ ਨਾਹੀ।।ਤਾਂ ਫੇਰ ਬਾਬੇ ਜੀ ਕਾ ਬੋਲਣਾ ਹੋਇਆ।। ਸਲੋਕੁ।।

ਹੈ ਏਕੋ ਏਹ ਨਾਹੀ ਦੀਸੈ ਕਪਟ ਭਗਤ,
ਰਾਗ ਧਾਇ ਬਾਣੀ ਗਾਵੇ ਕਿਸੇ ਨਾ ਆਵੇ ਗੁਰ ਕੀ ਮਤਿ।।
ਸਰੁ ਧਾਹੁ ਅੰਤਰਿ ਨੈ ਧਾਰੇ ਜੀਵਣ ਕੀ ਏਹੁ ਗਤਿ।।
ਕਹੁ ਨਾਨਕ ਪ੍ਰਭ ਅਗਮ ਅਗੋਚਰੁ ਕਉਣ ਜੁਗਤਿ ਤਾਕੀ ਹੋਇ ਭਗਤ।। ੧੬ ।।

ਤਿਸਕਾ ਪਰਮਾਰਥ।। ਤਾਂ ਸੁਣ ਭਾਈ ਅਜਿਤਿਆ ਕਲਿਜੁਗ ਵਿਚ ਧਰਮ ਹੀਨ ਹੋਇਗਾ।। ਧਰਮ ਹੋਵਣਾ ਨਾ ਪਾਵੈਗਾ।।

ਮੋਹ ਤੇ ਨਿਰਬਾਣ ਰਹੇਗਾ।। ਮਾਇਆ ਮੋਹ ਕੀ ਹੈ ਗ੍ਰਸਤਿ ਕੁਟੰਬ ਦੁਨੀਆਂ ਕਾ ਜੋ ਬਿਉਹਾਰ ਹੈ ਤਿਸ ਸਾਥ ਮੋਹ ਨ ਲਗਾਵੇਗਾ।। ਤਾਂ ਸ੍ਰੀ ਪਾਰਬ੍ਰਹਮ ਕੇ ਜਸ ਸਿਉ ਰਹੇਗਾ।। ਬਾਦੇ ਮੋਹ ਮਾਇਆ ਕੇ ਬਾਧੇ ਸੋ ਐਸੇ ਬਹੁਤ ਗੁਰੂ ਹੋਵਨਿਗੇ।। ਉਨਾ ਕਾ ਮਨੁ ਮਾਇਆ ਗ੍ਰਸਤਿ ਸਿਉ ਲਗਾ ਰਹੇਗਾ ਅਰੁ ਓਹੁ ਕਰਮ ਹੀ ਕਰਨਗੇ।। ਸੋ ਕੈਸੇ ਅਰ ਕਰਮੁ ਕਰਨਗੇ।। ਜੋ ਕਿਸੇ ਜੁਗ ਨਾਹੀ ਹੋਏ।। ਸੋ ਉਹੁ ਬਦੁ ਰਾਹ ਚਲਾਵਨਿਗੇ।। ਅਤੇ ਸੰਸਾਰ ਉਨਾ ਨੂੰ ਪੂਜੇਗਾ।। ਸੋ ਕਉਣ ਹੋਵਨਿਗੇ।। ਘਰਿ ਘਰਿ ਗੁਸਾਈ ਮਹੰਤ ਹੋਇ ਬਹਨਗੇ।। ਓਹੁ ਗੁਰਸਿਖ ਨਰਕਗਾਮੀ ਹੋਵਨਿਗੇ।। ਗੁਰ ਭੀ ਅਰੁ ਸਿਖ ਭੀ ਬਿਕਰਮ ਹੀ ਕਰਨਗੇ।। ਸੋ ਪੁਰਖ ਅੰਧ ਖੂਹ ਵਿਚ ਪਾਈਅਨਿਗੇ।। ਜਿਤਨੇ ਭੇਖ ਹੈਨਿ ਤਿਨਾ ਕਾ ਏਹ ਵਰਤਾਰਾ ਹੋਇ ਵਰਤੇਗਾ।। ਅਤੇ ਕਲਿਜੁਗ ਐਸੀ ਕਰੈਗਾ।। ਸਾਸਤ੍ਰ ਗਾਇਤ੍ਰੀ ਤਰਪਣ ਇਕਾਦਸੀ ਤੀਰਥ ਬਰੇ ਬੁਰੇ ਸਉਣ ਸੰਜੋਗ ਤਿਨਾ ਕੋ ਮਨੈਗਾ ਕੋਈ ਨਾਹੀ।। ਏਹ ਵਰਤਾਰਾ ਵਰਤੁ ਜਾਵੇਗਾ।। ਸੰਸਾਰ ਕੇ ਵਿਖੇ ਕਉਣ ਕਉਣ ਗੁਰੂ ਕਹਾਇਨਗੇ।। ਜੋਗੀ ਸੰਨਿਆਸੀ ਜੰਗਮ ਬ੍ਰਹਮਚਾਰੀ ਬ੍ਰਾਹਮਣ ਏਹ ਕਲਜੁਗ ਬਿਖੇ ਗੁਰੂ ਕਹਾਇਨਗੇ।। ਤਿਨਾ ਕੇ ਬਾਬ ਕੀ ਹੋਵੇਗੀ।। ਚਕਨਾਚੂਰ ਕਹੈ ਗੁਰ ਪੂਰਾ ਤਾਕਾ ਲੇਖ ਨਾ ਮਿਟਿਆ ਜਾਈ।।ਉਨਾ ਦੇ ਬਾਬ ਏਹ ਹੋਵੇਗਾ।। ਸੋ ਮਿਟਣੇ ਕਾ ਨਾਹੀ।।ਅਰੁ ਇਕ ਜੋ ਸਾਹਿਬ ਦਾ ਉਠੇਗਾ ਤਿਸ ਕਾ ਨਾਮ ਰੀਸਦ ਹੋਵੇਗਾ।। ਸੋ ਗੁਰੂ ਕੇ ਹੁਕਮ ਸਿਉ ਉਠੇਗਾ।। ਪਰ ਜਾਮਾ ਉਸਕਾ ਮੁਸਲਮਾਨ ਕਾ ਹੋਵੇਗਾ।। ਉਸਨੂੰ ਆਪਨੀ ਬੰਦਗੀ ਬਸੇਗੀ।। ਓਹੁ ਅਕਾਲ ਪੁਰਖ ਕੋ ਜਾਣੇਗਾ। ਅਵਰ ਦੂਸਰੇ ਕਉ ਨ ਜਾਣੇਗਾ।। ਜਹਾਂ ਜਹਾਂ ਕੂੜ ਹੋਵੇਗਾ ਸੋ ਉਸਕੇ ਹਵਾਲੇ ਕਰਏਗਾ।। ਸੋ ਪਾਰਬ੍ਰਹਮ ਕੇ ਹੁਕਮ ਕੇ ਸਾਥ ਚਕਨਾ-ਚੂਰ ਕਰੇਗਾ।। ਜਿਤਨੀਆਂ ਕੂੜੀਆਂ ਥਉੜਾਂ ਹੈਨਿ ਤੀਰਥ ਮੜੀਆਂ ਦੇਹੁਰੇ ਪੀਰਾ ਕੇ ਟਿਕਾਣੇ ਰਾਜ ਰੰਕ ਕੀਆ ਠਉਰਾਂ ।। ਜਹਾਂ ਜਹਾਂ ਕੂੜ ਹੋਵੇਗਾ ਸੋ ਸਜਾਇ ਪਾਵਹਿਗੇ।। ਉਸ ਵਖਤਿ ਧੁੰਧੂਕਾਰ ਵਰਤੇਗਾ।। ਅਲਹੁ ਅਗਮ ਖੁਦਾਈ ਸੋ ਖੁਦਾਇ ਸਬਦ ਹੀ ਹੈ।। ਜੋ ਅਲਖ ਅਗੰਮ ਕੀ ਖਬਰ ਦੇਦਾ ਹੈ।। ਅਗੇਹੀ ਆਖਦਾ ਹੈ ਜੋ ਇਉ ਹੋਵੇਗੀ।। ਪਰ ਕੋਈ ਵਿਰਲਾ ਹੀ ਜਾਣੇਗਾ।। ਪੜ੍ਹਨਿਗੇ ਪਰਿ ਕਮਾਵਨਿਗੇ ਨਾਹੀ।। ਬੋਲੋ ਭਾਈ ਜੀ ਵਾਹਿਗੁਰੂ।। ਤਾਂ ਫੇਰ ਅਜਿਤੇ ਰਧਾਵੇ ਅਰਦਾਸ ਕੀਤੀ ਜੋ ਸਚੇ ਪਾਤਿਸਾਹ ਕਿਉ ਉਸਨੂੰ ਮਿਲਿਆ ਫਲੁ ਹੋਵੇਗਾ।। ਕੇ ਨਾਹੀ।। ਤਾਂ ਫੇਰ ਸਤਿਗੁਰੂ ਕਾ ਬੋਲਣਾ ਹੋਇਆ ।। ।।ਸਲੋਕ।।

ਉਪਜੀ ਰੀਤਿ ਪ੍ਰੀਤਿ ਮਨ ਉਪਜੀ ਭਏ ਦਿਆਲ ਗੁਸਾਈ।।
ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ ਜਲ ਉਪਜੈ ਨਹੇ ਸਮਾਈ।।
ਟੂਟੇ ਪੰਖ ਪਾਤ ਜਿਉ ਟੂਟੀ ਤਰਵਰ ਡਾਲੀ।।
ਕਹੁ ਨਾਨਕ ਜਬ ਜਗ ਉਲਟਾਨਾ ਸਾਧੂ ਭਏ ਸੁਆਲੀ।।

।।ਤਿਸਕਾ ਪ੍ਰਮਾਰਥੁ।। ਤਾਂ ਸੁਣ ਭਾਈ ਅਜਿਤਿਯਾ ਜਾ ਆਪ ਦਿਆਲ ਹੋਦਾ ਹੈ।। ਤਾਂ ਪ੍ਰੀਤ ਉਪਜਦੀ ਹੈ।। ਸਾਧਾ ਕੇ ਮਿਲਣੇ ਕੀ।। ਸਾਧੂ ਕੇ ਮਿਲਣੇ ਕਰਿ ਇਸਕੀ ਗਤਿ ਸੰਸਾਰ ਪਾਸੋ ਨਿਆਰੀ ਹੋਦੀ ਹੈ।। ਸਾਧੂ ਅਰ ਪਰਮੇਸਰ ਵਿਚ ਭੇਦ ਕਛ ਨਾਹੀ।। ਜਿਉ ਬੂੰਦ ਸਾਗਰ ਮਹਿ ਮਿਲ ਜਾਤੀ ਹੈ।। ਪਰ ਜਾਂ ਸੰਤ ਭਗਤਿ ਪ੍ਰੀਤਿ ਕਰ ਅਰਦਾਸ ਕਰਹਿਗੇ ਜੋ ਅਸਾਨੂੰ ਦਰਸਨੁ ਆਪਣਾ ਦੇਹੁ।। ਤਾ ਜੁਗ ਪਰਵਾਨ ਹੋਇਕੇ ਦਰਸਨੁ ਦੇਵੇਗਾ।। ਸਭੁ ਵਡਿਆਈ ਸਤਿਗੁਰੂ ਕੀ ਪ੍ਰਾਪਤ ਹੋਵੇਗੀ।। ਉਸਤਤਿ ਹੋਵੇਗੀ।। ਪਰ ਜੋ ਪੁਰਖ ਟੁਟਹਿਗੇ ਸੋ ਫੇਰ ਨਾਹੀ ਮਿਲੇਂਗੇ।। ਜੈਸੇ ਪੰਖੀ ਕੇ ਪਰ ਟੁਟਦੇ ਹੈਨਿ ਓਹ ਫੇਰ ਨਾਹੀ ਲਗਦੇ।।

ਫੇਰ ਨਵੇਂ ਸਿਰੇ ਲਗਤੇ ਹੈਨਿ।। ਤਿਉ ਨਵੇਂ ਸਿਰੇ ਖੇਤ ਜੰਮਾਵੇਗਾ।। ਸਾਧਾਂ ਹੀ ਕੇ ਸੁਆਲੁ ਕਰ ਉਤਿ ਸਭੇ ਦਰਸਨੁ ਹੋਵੇਗਾ।। ਅਰ ਕਰਤਾ ਦੀਬਾਨ ਨਹੀਗਾ।। ਪਹੁੰਚਣੇ ਕੋਈ ਨਾ ਪਾਵੇਗਾ।। ਸਲੋਕ ।।

ਐਸਾ ਪਾਸਾ ਢਾਲਸੀ ਦੂਰ ਦੀਬਾਨ ਅਭਗੁ।।
ਨਵਤਨਿ ਜਾਮਾ ਪਹਿਨਿਕੇ ਭਏ ਅਲਖ ਅਲਗੁ।।
ਇਕ ਕਚੇ ਇਕ ਪਕਿਆਂ ਗੁਰਮੁਖ ਭਏ ਨਿਹਾਲੁ।।
ਤੁਟਹਿ ਸੇਈ ਨਾਠਕਾ ਜੋ ਤੋੜੇ ਆਪ ਦਿਆਲੁ।। ੧੯ ।।

ਤਿਸਕਾ ਪ੍ਰਮਾਰਥੁ।। ਦੂਰ ਦੀਬਾਣ ਅਭਗੁ ਕਹੈ।। ਐਸਾ ਪਾਸਾ ਢਾਲੇਗਾ ਦੁਨੀਆ ਤੇ ਦੂਰ ਰਹੇਗਾ।। ਦੀਬਾਣ ਜੋ ਹੈ ਸੋ ਅਭਗੁ ਨਹੀਗਾ।। ਤੁਟਣੇ ਕਾ ਕਦੇ ਨਾਹੀ।। ਅਰੁ ਇਕ ਕਚੇ ਇਕ ਪਕਿਆ ਸੋ ਕੀ ਹੈ।। ਪਕੇ ਤਾਂ ਗੁਰਮੁਖਿ ਹੈਨਿ।। ਜੋ ਤੁਟਣੇ ਕੇ ਨਾਹੀ।। ਗੁਰਮੁਖਿ ਕਹਿਣਗੇ ਜੋ ਏ ਪੂਰਨ ਪੁਰਖ ਅਬਿਨਾਸੀ ਸ੍ਰਿਸਟ ਕਾ ਕਰਤਾ ਕਰਣੇਹਾਰਾ ਹੈ।। ਅਰ ਜੋ ਕਚੇ ਹੋਵਣਿਗੇ ਸੋ ਭਰਮਾਈਅਣਿਗੇ।। ਸੋ ਕਹਿਣਗੇ ਜੋ ਏਹੁ ਵਾਜਾ ਹੈ।। ਅਰੁ ਗੁਰਮੁਖ ਸਿਖ ਜੋ ਗੁਰੂ ਕੇ ਪਿਆਰੇ ਹੈਨਿ।। ਉਨ ਕਉ ਭੀ ਨਿੰਦਣਗੇ।। ਤਿਨ ਕੌ ਸਤਿਗੁਰੂ ਆਪ ਤੋੜ ਸਟੇਗਾ।। ਤੁਟਹਿ ਸੇਈ ਨਾਠਕਾ ਜੋ ਤੋੜੇ ਆਪ ਦਿਆਲ।। ਸਭ ਉਸੀ ਦਿਆਲ ਪੁਰਖ ਕਾ ਕਾਰਣ ਹੋਦਾ ਹੈ।। ਤਾਂ ਫੇਰਿ ਅਜਿਤੇ ਰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸਾਹਿ ਓਹੁ ਦਿਆਲ ਪੁਰਖ ਕੇਵਡ ਹੈ।। ਤਾਂ ਫੇਰ ਸਤਿਗੁਰੂ ਕਾ ਬੋਲਣਾ ਹੋਇਆ।। ਸਲੋਕ।।

ਬਲ ਉਪਜੈ ਨ ਬਲ ਖਿਸੈ ਤਾਂ ਕੇ ਰੋਮ ਰੋਮ ਪਰਗਾਸ।।
ਜੋ ਭੇਜੇ ਆਏ ਪਾਰਬ੍ਰਹਮ ਕੇ ਮਤਿ ਕੋ ਹੋਇ ਤੁਮਾਰੇ ਦਾਸੁ।।
ਪਾਹੁ ਨਗਾਇਆ ਸਤਿਗੁਰੂ ਰੰਗ ਚਲੂਲਾ ਜਾਗ।।
ਨਾਨਕ ਪਕੜੀ ਓਟ ਜਨ ਨ ਪੋਹੈ ਜਮ ਮਗ।। ੨੦ ।।

ਤਿਸਕਾ ਪ੍ਰਮਾਰਥੁ।। ਸੁਣ ਭਾਈ ਅਜਿਤਿਆ ਓਹ ਪਾਰ ਬ੍ਰਹਮ ਜੋ ਹੈ ਸੋ ਬਡਾ ਪ੍ਰਬਲ ਹੈ।। ਅਤੇ ਦਿਨੋ ਦਿਨੁ ਬਲਵੰਤ ਹੋਦਾ ਹੈ।। ਪਰ ਉਸਕੀ ਕੀਮਤਿ ਕੋਈ ਨਾਹੀ ਕਰਿ ਸਕਦਾ।। ਜੋਕੇਵਡ ਹੈ।। ਪਰ ਇਕ ਨਿਸ਼ਾਨੀ ਹੈ।। ਉਸਕੇ ਜੋ ਸਾਧ ਹੈਨ ਸੁ ਉਸ ਕੋ ਰੋਮ ਪਰਗਾਸ ਹੋਦਾ ਹੈ।।ਉਸ ਕੌ ਇਕ ਪਲੁ ਨਾਹੀਂ ਬਿਸਰਤਾ।। ਓਹੁ ਪਲਿ ਪਲਿ ਖਿਨ ਖਿਨ ਸਾਸ ਗਿਰਾਸ ਉਸੀ ਕਾ ਧਿਆਨ ਧਰਤੇ ਹੈਨਿ।। ਇਕ ਪਲੁ ਭੀ ਉਨਾਂ ਸੇ ਨਾਹੀਂ ਖਿਸਕਦਾ।। ਸਦਾ ਹੀ ਓਸੀ ਕੇ ਸਾਥ ਰਹਤੇ ਹੈ।। ਅਰੁ ਦਿਨੋ ਦਿਨ ਬਾਲਾ ਹੈ।। ਛਦਤਾ ਨਾਹੀ।। ਸੰਤ ਹੀ ਜਾਣਤੇ ਹੈਨਿ।। ਸੰਤ ਜੋ ਹੈਨਿ ਸੋ ਪਾਰਬ੍ਰਹਮ ਹੈਨਿ।। ਓਹ ਪਾਰਬ੍ਰਹਮ ਕੇ ਭੇਜੇ ਆਵਦੇ ਹੈਨਿ।। ਪਾਰਬ੍ਰਹਮ ਕੀ ਆਗਿਆ ਹੋਤੀ ਹੈ ਜੋ ਤੁਸੀਂ ਜਗ ਮਹਿ ਜਾਵਹੁ ਪਾਰ ਲਘਾਵਹੁ।। ਨਾਮੁ ਕਾ ਉਪਦੇਸ ਦ੍ਰਿੜਾਵਹੁ।। ਜੋ ਸੰਸਾਰ ਤੁਮਾਰਾ ਦਾਸ ਹੋਵੈ।। ਪਾਹੁ ਜੋ ਹੈ ਸੋ ਉਪਦੇਸ਼ ਹੈ।। ਸੋ ਉਪਦੇਸ ਸਬਦ ਹੀ ਹੈ।। ਜਿਨਾਂ ਕੋ ਸਬਦ ਕਾ ਪਾਹੁ ਲਗਦਾ ਹੈ ਸੋ ਸੰਸਾਰ ਤੇ ਨਿਆਰਾ ਹੋਦਾ ਹੈ।। ਤਿਸਕਾ ਖਰਾ ਰੰਗ ਚਲੂਲਾ ਹੋਵੇਗਾ।। ਫੇਰਿ ਓਹੁ ਦੁਨੀਆ ਨਾਲ ਨਹੀਂ ਰਲਦਾ।। ਸੁਣ ਭਾਈ ਅਜਿਤਿਆ ਜੋ ਕੋਈ ਉਸਦੀ ਓਟ ਪਕੜਦਾ ਹੈ।। ਤਿਸਕੋ ਕੋਈ ਤ੍ਰਿਆਸ ਨਾਹੀ ਹੋਦੀ।। ਓਹ ਪੁਰਖ ਜਮ ਕੀ ਤ੍ਰਾਸ ਤੇ ਭੀ ਬਚਦਾ ਹੈ।। ਨਾਨਕ ਪਕੜੀ ਓਟ ਜਨ ਨਾ ਪੋਹੈ ਜਮ ਮਗ।। ਤਾਂ ਫੇਰ ਅਜਿਤੈ ਰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸਾਹੁ ਤੇਰਾ ਬੋਲਣਾ ਹੋਇਆ ਸੀ ਜੋ ਸਾਧੂ ਕੀ ਓਟ ਪਕੜੀ ਤਾਂ ਜਮ ਕੀ ਤ੍ਰਾਸ ਦੂਰ ਹੋਦੀ ਹੈ।।

ਤਾਂ ਫੇਰ ਸਤਿਗੁਰੂ ਜੀ ਕਾ ਬੋਲਣਾ ਹੋਇਆ।। ਸਾਧੂ ਕੀ ਓਟ ਏਹ ਹੈ ਜੋ ਸਾਧਾ ਕੇ ਕਹੇ ਪਰ ਚਲਣਾ।। ਤੇ ਕਾਮ ਤੇ ਰਹਿਤ ਹੋਵਣਾ।। ਝੂਠ ਨਾ ਬੋਲਿਣਾ ਪਰਾਈ ਨਿੰਦਿਆ ਨਹੀ ਕਰਿਣੀ।। ਤਾਂ ਸਾਧਾਂ ਕੇ ਮਿਲਣੇ ਕਾ ਫਲੁ ਹੋਦਾ ਹੈ।। ਅਰੁ ਜੋ ਕਹੇ ਪਰ ਨਾ ਚਲੈ ਤਾਂ ਸਾਧ ਆਪਣਾ ਬਚਨ ਖਸ ਲੈਦਾ ਹੈਨਿ।।

।।ਸਲੋਕੁ।।

ਜੈਸੀ ਲਹਰਿ ਸਮੁੰਦ੍ਰ ਦੀ ਸਤਿਗੁਰੁ ਕੀਨੋ ਵਾਕੁ।।
ਬਚਨ ਹਮਾਰਾ ਫੇਰ ਦੇਹੁ ਹਮ ਤੁਮ ਕੈਸਾ ਸਾਕੁ।।੨੧ ।।

ਤਿਸਕਾ ਪ੍ਰਮਾਰਥੁ।। ਸਮੁੰਦ੍ਰ ਜੋ ਹੈ ਸੋ ਸਤਿਗੁਰੂ ਹੈ।। ਉਸਦੀ ਲਹਰਿ ਜੋ ਹੈ ਸੋ ਸਬਦੁ ਹੈ।। ਜਿਉਂ ਸਮੁੰਦ੍ਰ ਦੀ ਲਹਰਿ ਨਾਲ ਮੋਤੀ ਹੀਰਾ ਨਾਲ ਲਛਮੀ ਆਦਿ ਬਹੁ ਪਉਦੀ ਹੈ।। ਤਿਸ ਕੀ ਨਿਆਈ ਜਿਸਕੋ ਸਬਦ ਪ੍ਰਾਪਤਿ ਹੋਦਾ ਹੈ ਸੋ ਸਾਧ ਹੋਦਾ ਹੈ।। ਅਤੇ ਜੇ ਕਰਿ ਸਬਦਿ ਕੀ ਕੀਮਤਿ ਜਾਣੈ ਨਾਹੀ ਤਾਂ ਓਹੁ ਕਉਡੀ ਬਦਲੇ ਨਾਲ ਵੇਰ ਲੈਦਾ ਹੈ।। ਤਿਸਕੀ ਨਿਆਈ ਐਸੇ ਸਿਖ ਹੋਵਨਗੇ ਜੋ ਸਬਦ ਕੋ ਵੇਚਨਿਗੇ।। ਉਸ ਵਖਤਿ ਉਸਕੀ ਕੀਮਤਿ ਨਾ ਜਾਣਨਿਗੇ।। ਤਾਂ ਉਨਾ ਪਾਸੋ ਸਬਦੁ ਕਾ ਸਾਕੁ ਤੁਟ ਜਾਵੇਗਾ।। ਜਿਨਾ ਸਬਦੁ ਕਾ ਕਹਿਆ ਮੰਨਿਆ ਨਾਹੀ।। ਉਨਾ ਨਾਲ ਕੀ ਸਾਕੁ ਹੈ।। ਬਚਨਿ ਹਮਾਰਾ ਫੇਰ ਦੇਹ ਹੈਨਿ ਹਮਾਰਾ ਓਹ ਕੈਸਾ ਸਾਕੁ ।। ਤਾਂ ਫੇਰ ਅਜਿਤੇ ਰਧਾਵੇ ਅਰਦਾਸ ਕੀਤੀ ਜੋ ਜੀ ਸਚੇ ਪਾਤਿਸਾਹੁ।। ਓਹੁ ਕਉਣ ਸਾਖਿਤੁ ਹੋਵੈਗੀ।। ਤਾਂ ਫੇਰ ਸ੍ਰੀਸਤਿਗੁਰੂ ਜੀ ਕਾ ਬੋਲਿਣਾ ਹੋਇਆ।। ਸਲੋਕੁ ।।

ਸਿਧੀ ਮੰਡਿਲ ਮਡਿਆ ਬੈਠਾ ਤਾੜੀ ਲਾਇ।।
ਹਥੀ ਖਪਰ ਤੇ ਸਿਰ ਟੋਪੀ ਜਨਮ ਬਿਰਥਾ ਜਾਇ।।
ਆਇਆ ਗੁਰੂ ਨਾ ਜਾਣਨੀ ਕੀਤਾ ਮੁਖਹਿ ਅਲਾਇ।।
ਮੂਹਿ ਕਾਲੇ ਦੋਜਕ ਸਟੀਅਨਿ ਲਖ ਚੁਰਾਸੀਹ ਪਾਇ।।
ਅਕਲ ਆਵੇ ਨਾਲਕਾ ਸੋ ਨਰਕ ਪੁਰੀ ਕੋ ਜਾਇ।। ੨੨ ।।

ਤਿਸਕਾ ਪ੍ਰਮਾਰਥੁ।। ਸੁਣ ਬਚਾ ਅਜਿਤਿਆ ਸਿਖ ਜੋ ਸੋ ਸੋ ਤਾਂ ਸਤਿਗੁਰੂ ਕੇ ਤਾਲਬ ਸੇ।। ਜਬਿ ਓਹੁ ਵਖਤ ਆਵੇਗਾ।। ਅਰੁ ਗੁਰੂ ਕਾ ਜਾਮਾ ਅਲੋਪ ਹੋਇ ਜਾਵੇਗਾ।। ਤਾਂ ਕਉਣ ਹੋਵਨਿਗੇ।। ਕੋਈ ਗ੍ਰਿਸਤੀ ਕੋਈ ਫਕੀਰ ਹੋਵੇਗਾ।। ਮੰਡਿਨ ਜੋ ਮੰਡਿਨਿਗੇ ਸੋ ਆਪੋਆਪਣੇ ਆਸਣ ਸਵਾਰ ਬੈਠਨਗੇ।। ਅਰੁ ਸਿਰ ਟੋਪੀ ਪਾਈਆ ਤੇ ਕਹਿਯਾ ਜੋ ਮੈ ਉਦਾਸੀ ਹੋਂ।। ਸੋ ਉਦਾਸੀ ਕੀ ਹੈ।। ਜੋ ਉਨਾ ਗਲਾ ਤੇ ਉਦਾਸ ਹੋਵੈ।। ਪਹਿਲੇ ਮਾਇਆ ਤੇ ਗ੍ਰਸਤ ਤੇ ਦੁਨੀਯਾ ਜਹਾਂਨ ਤੇ ਕਾਮ ਕ੍ਰੋਧ ਲੋਭ ਮੋਹੁ ਨਿੰਦਾ ਬਖੀਲੀ ਤ੍ਰਿਸਨਾ ਜੇ ਇਨ ਤੇ ਉਦਾਸ ਹੋਵੈਗਾ ਤਾਂ ਉਦਾਸੀ ਜਾਂਣਨਾ।। ਨਾਹੀ ਤਾਂ ਉਨਾਂ ਕੇ ਭੇਖ ਕੋ ਮਰਣ ਪਰਜੰਤ ਨਹੀ ਮਨਿਣਾ।। ਪਰ ਸੁਣ ਬਚਾ ਐਸਾ ਵਖਤ ਆਵੇਗਾ।। ਜੋ ਓਹੁ ਦੁਨੀਯਾ ਕੇ ਗੁਰੂ ਹੋਇ ਫਿਰਨਿਗੇ।। ਬਾਤਾ ਕਰਿ ਕਰਿ ਉਪਦੇਸ ਕਰਨਿਗੇ।। ਅਰੁ ਇਸਤ੍ਰੀਯਾ ਨਾਲ ਮੋਹ ਕਰਨਿਗੇ।। ਅਰੁ ਕਹਿਨਿਗੇਹਮ ਫਕੀਰ ਹੈ।। ਐਸਾ ਸਮਾ ਭੀ ਆਵੇਗਾ।। ਉਸ ਵਖਤੁ ਕੋਈ ਗੁਰੂ ਉਨਾ ਪਾਸ ਆਵੇਗਾ ਤਾਂ ਓਹੁ ਪਛਾਣ ਨ ਸਕਨਿਗੇ।। ਤੇ ਸਗੋ ਮੂਹੋ ਬੁਰਾ ਬੋਲਣਗੇ।। ਕਹਿਣਗੇ ਏਹ ਹਉਂਣ ਹੈ ਗੁਰੂ ਅਸਾਡੇ ਨਾਲ ਹੈ।। ਅਤੇ ਆਪੋ ਆਪਣੀ ਭਾਖਿਯਾ ਬੋਲਨਿਗੇ।। ਅਤੇ ਗੁਰੂ ਕਉ ਪਛਾਣ ਨ ਸਕਨਿਗੇ।। ਭਰਮ ਜਾਣਗੇ।। ਤਾਂ ਓਹੁ ਗੁਰੂ ਤੇ ਵਿਛੜਿਨਿਗੇ ।। ਪਰੁ ਇਕ ਐਸੇ ਭੀ ਸਿਖ ਦ੍ਰਿੜ ਬੁਧੀ ਵਾਲੇ ਹੋਵਨਿਗੇ ਜੋ ਉਨਾ ਦਾ ਕਹਿਆ ਨ ਮਨਿਗੇ।। ਸਬਦੇ ਦੇ ਕਹਿ

ਦੇ ਕਹਿ ਪਰ ਚਲਹਿਗੇ।। ਅਰੁ ਓਹੁ ਭਰਮਾਵਣੇ ਵਾਲੇ ਕੇ ਮੁਹ ਕਾਲੇ ਹੋਵਹਿਗੇ ਤੇ ਫੇਰ ਚਉਰਾਸੀ ਵਿਚਿ ਸਟੀਅਹਿਗੇ।। ਤੇ ਨਰਕਗਾਮੀ ਹੋਵਹਿਗੇ।। ਅਕਲ ਆਵੈ ਨਾਨਕਾ ਸੋ ਠਕੁ ਪੁਰੀ ਕੋ ਜਾਇ।। ਫੇਰਿ ਬੋਲਣਾ ਹੋਇਆ ਏਹ ਕੀ ਹੈ।। ਇਨਾ ਥੇ ਭੀ ਵਡੇ ਭੁਲਹਿਗੇ।।

ਸਲੋਕ ।। ਹਰਿ ਉਪਜੈ ਹਰਿ ਖਪ ਗਏ ਕਈ ਰਾਮ ਅਵਤਾਰੁ।।
ਬ੍ਰਹਮੇ ਕੋਟਿਕਈ ਜੁਗ ਬੀਤੇ ਮਾਧੋ ਕ੍ਰਿਸਨ ਮੁਰਾਰ।।
ਦਰ ਦਰਵਾਨੇ ਕਰੇ ਬੇਨਤੀ ਅੰਤ ਨਾ ਪਾਰਾਵਾਰ।।
ਕਹੁ ਨਾਨਕ ਏਹ ਸਭ ਜਗ ਡੂਬਾ ਝੂਠੇ ਮੋਹੇ ਪਿਆਰ।। ੨੩ ।।

ਤਿਸਕਾ ਪ੍ਰਮਾਰਥੁ।। ਓਹੁ ਹਰਿ ਉਪਾਏ ਹਰਿ ਖਪਾਏ।। ਕਈ ਬਾਰ ਰਾਮ ਹੀ ਨਾਮ ਰਖਾਇਆ ।। ਕਈ ਜੁਗ ਬ੍ਰਹਮੇ ਕੋਟ ਹੀ ਹੂਏ।। ਅਰ ਕਈ ਬਾਰ ਮਾਧੋ ਕ੍ਰਿਸਨ ਮੁਰਾਰ ਸਦਾਇਆ।। ਅਪਰੁ ਅਪਾਰ ਹੈ ਆਪਣੀ ਕੀਮਤਿ ਆਪ ਹੀ ਜਾਣਦਾ ਹੈ।। ਸੰਗ ਜੁਗ ਜੁਗ ਕਰਦਾ ਆਇਆ ਹੈ।। ਅਰੁ ਦਰਵਾਂਨ ਉਸਕੇ ਕਉਣ ਹੈਨਿ।। ਕਈ ਅਸੰਖ ਭਗਤਿ ਕਈ ਅਸੰਖ ਸਿਖ ਸੰਤ ਸਿਧਿ ਸਾਧਕਿ ਦੇਵਤੇ ਉਸਕੇ ਦਰਵਾਰ ਹੈਨਿ।।ਸੋ ਦਰ ਉਸਕਾ ਸਬਦ ਹੈ ਸੋ ਉਸ ਦਰਿ ਖੜੇ ਰਹਦੇ ਹੈਨਿ।। ਮਤ ਕਿਸੇ ਸਮੇ ਕਿਤੇ ਸਾਇਤ ਆਉਂਦਾ ਹੋਵੈ।। ਦਰਸਨ ਹੋਇ ਤਾਂ ਮੁਕਤਿ ਹੋਵਹਿ।। ਉਨਾ ਨੋ ਭੀ ਖਬਰ ਨਾਹੀ ਬੇਸੁਮਾਰ ਕੀ।। ਜੋ ਕਿਤ ਵਖਤ ਆਉਂਦਾ ਹੈ।। ਅਤੇ ਏਹ ਜਗਤ ਜੋ ਹੈ ਸੋ ਤਾਂ ਮਾਇਆ ਨਾਲ ਰਚਿ ਰਹਿਆ ਹੈ ਸੋਈ ਬਿਖ ਡੂਬੇ ਡੂਬਾ ਹੈ।। ਕਹੁ ਨਾਨਕ ਏਹ ਸਭ ਜਗ ਝੂਠ ਮਾਇਆ ਮੋਹੁ ਪਿਆਰੁ।। ਤਾਂ ਫੇਰਿ ਅਜਿਤੈ ਰੰਧਾਵੇ ਅਰਦਾਸਿ ਕੀਤੀ ਜੀ ਸਚੇ ਪਾਤਿਸਾਹੁ ਏਹੁ ਜਗਤ ਜਹਾਨ ਤਾਂ ਸਭ ਬਿਨਾਸੀ ਹੈ।। ਅਰੁ ਏਹੁ ਜੋ ਜੋਗ ਪਾਵਤੇ ਹੈਨਿ ਸਭੇ ਸੁਆਦ ਤਜਿ ਕੇ ਉਨਾ ਦੀ ਕਿਆ ਜੁਗਤ ਹੈ।। ਤਾਂ ਫੇਰ ਸ੍ਰੀ ਸਤਿਗੁਰੂ ਕਾ ਬੋਲਣਾ ਹੋਇਆ।। ਸਲੋਕੁ।।

ਜੋ ਉਪਜੈ ਸੋ ਖਪੈ ਜੋਗੀਸਰਿ ਲਾਇ ਬੈਠੇ ਬਿਭੂਤ।।
ਜੋਗ ਜੁਗਤ ਕੀ ਸਾਰ ਨਾ ਜਾਣੈ ਗੁਰ ਸ਼ਬਦੀ ਨਾਹੀ ਪ੍ਰੀਤਿ।।
ਰਸਿ ਕਸਿ ਸੁਆਦੁ ਸਭੇ ਤਜਿ ਛੋਡਹਿ ਫੀਕਾ ਖਾਇ ਅਲੂਣਾ।।
ਕਹੁ ਨਾਨਕ ਇਨਾ ਜੋਗ ਨਾ ਪਾਇਆ ਜਿਉ ਉਦਰ ਚਲੂਣਾ।। ੨੪ ।।

ਤਿਸਕਾ ਪ੍ਰਮਾਰਥੁ।। ਜੋ ਉਪਜਿਆ ਹੈ ਸਭ ਖਪੇਗਾ।। ਝੂਠ ਖਪੇਗਾ ਸਚ ਸਦਾ ਕਾਇਮ ਹੈ।। ਜੋਈ ਸਚੁ ਕੋ ਦੇਖ ਕਰ ਖਿਝਦਾ ਹੈ ਤਿਸਕੋ ਸਚੁ ਪਾਵਣੇ ਕੀ ਇਧ ਨਹੀਂ ਆਵਦੀ।। ਬਿਨਾ ਸਤਿਗੁਰੂ ਸਚ ਨਾਹੀ ਪਈਆਤਾਂ।। ਅਤੇ ਏਹ ਭੇਖ ਜੋ ਹੈਨਿ ਸੋ ਆਪੇ ਆਪੁ ਕਮਾਵਤੇ ਹੈਨਿ।। ਅਰ ਕਹਤੇ ਹੈ ਜੋ ਹਮ ਤਪਸੀ ਹਾਂ।।ਤਪਸਿਆ ਕਾ ਗੁਮਾਨ ਕਰਦੇ ਹੈਨਿ।।ਆਪ ਕੋ ਗੁਰੂ ਕਹਾਵਤੇ ਹੈਨਿ।।ਅਰ ਅਰ ਜੋ ਜੁਗਤ ਕੀ ਸਾਰ ਨਾਹੀ ਜਾਨਤੇ।।ਅਰੁ ਸਤਿਗੁਰੂ ਕੇ ਸਬਦ ਕੀ ਪਹੁਚ ਨਹੀ ਪਾਵਤੇ।।ਅਰੁ ਜੋਗ ਕੀ ਜੁਗਤਿ ਕੀ ਹੈ ਜੋ ਗੁਰੂ ਕਾ ਸਬਦ ਹੈ ਸੋ ਕਮਾਵੈ ਤੇ ਜੋਗ ਕੀ ਜੁਗਤ ਪਾਵੈ।।ਸਬਦਿ ਸਚ ਹੈ ਪਰ ਸਬਦ ਬਿਨਾ ਹੋਰ ਸਭ ਝੂਠ ਹੈ।।ਸੋ ਜਿਸ ਪੁਰਖ ਕੋ ਸਚ ਸਬਦੁ ਕੀ ਖਬਰ ਨਾਹੀ ਪੜਤੀ ਜੋ ਸਚ ਕਿਆ ਚਾਲ ਹੈ।।ਅਰੁ ਰਸਿ ਕਸਿ ਸੁਆਦੁ ਛੋਡ ਬੈਠੇ ਹੈਨਿ।।ਅਰ ਜੋਗ ਕੀ ਜੁਗਤ ਨਾਹੀ ਜਾਣਤੇ।। ਜੋਗ ਜੋ ਹੈ ਸੋ ਸਚ ਸਬਦਿ ਹੈ।।ਜਬ ਸਚਿ ਸਬਦ ਕੋ ਕਮਾਵੇਗਾ ਤਬ ਜੋਗ ਕੀ ਜੁਗਤਿ ਕੋ ਪਾਵੇਗਾ।। ਆਸਾ ਕਰਿ ਕੇ ਮਨਿ ਨਾਹੀ।।ਸੰਤੋਖ ਕਰਿ ਕੇ ਰਹੇ ਅਰ ਨਾਮ ਕਾ ਆਹਾਰ ਕਰੇ।।ਤਬ ਜੋਗ ਕੀ ਜੁਗਤ ਕੋ ਥਾਵੈ।।ਏਹ ਜੋ ਫਕੀਰ ਅਲੂਣਾ ਖਾਤੇ

ਹੈਨ।। ਏਹ ਆਲੂਣਾ ਨਾਹੀ ਇਨਕੇ ਜੋਗ ਕੀ ਸਾਰ ਨਾਹੀ।। ਅਤੇ ਜੋਗੀ ਤਪਸੀ ਕਹਾਵਤੇ ਹੈਨਿ।। ਸੋ ਸਭ ਨਰਕ ਮਾਹ ਪਾਈਅਹਿਗੇ।। ਤਾਂ ਫੇਰਿ ਅਜਿਤੇ ਰਧਾਵੇ ਅਰਦਾਸਿ ਕੀਤੀ ਜੀ ਸਚੇ ਪਾਤਸਾਹੁ ਤੂੰ ਗੁਰੂ ਹੈ ਤੇਰੇ ਪਾਸ ਅਰਦਾਸ ਹੈ।। ਤਦਿ ਗੁਰਮਤਿ ਦ੍ਰਿੜਾਵਣੀ ਉਤ ਸਮੇ।। ਤਾਂ ਫੇਰ ਸ੍ਰੀ ਸਤਿਗੁਰੂ ਜੀ ਕਾ ਬੋਲਣਾ ਹੋਇਆ।। ਸਲੋਕੁ।।

ਸਤਿਗੁਰ ਸੇਤੀ ਅਰਦਾਸਿ ਕਰਿ ਜਿਨ ਸਤਿਗੁਰੂ ਜਾਤਾ।।
ਕਿਆ ਕੋ ਆਖਿ ਆਖਿ ਵਖਾਣੈ ਓਹੁ ਪੂਰਣ ਪੁਰਖੁ ਬਿਧਾਤਾ।।
ਜਨਮੁ ਜਨਮ ਕਾ ਭੂਲਾ ਪ੍ਰਾਨੀ ਨਿਤਿ ਉਠਿ ਕਰੇ ਅਰਦਾਸੀ।।
ਕਹੁ ਨਾਨਕ ਮਨੂਆਂ ਬਿਰਥਾ ਨਾਂ ਜੰਮਪੁਰ ਬਧਾ ਜਾਸੀ।।੨੫।।

ਤਿਸਕਾ ਪ੍ਰਮਾਰਥੁ।। ਸੁਣ ਭਾਈ ਅਜਿਤਿਆ ਸਤਿਗੁਰੂ ਪਾਸ ਜੋ ਅਰਦਾਸ ਕਰਨਿਗੇ ਸੋ ਮਾਇਆ ਨੀਆ ਵਡਿਆਈਆਂ ਅਰ ਪੁਤ੍ਰ ਰਾਜ ਮੰਗਨਗੇ।। ਜੋ ਅਸੀਂ ਦੁਨੀਆ ਮਾਹਿ ਵਡੇ ਹੋਵਹਿ ਸੰਸਾਰ ਹੀ ਕੇ ਸੁਖ ਮੰਗਨਿਗੇ।। ਤਿਨਾ ਪੁਰਖਾ ਸਤਿਗੁਰੁ ਨਾ ਜਾਤਾ।। ਕਿਉਂ ਕਰਿ ਨਾ ਜਾਤਾ ਜੋ ਸਤਿਗੁਰੂ ਪਾਸੋ ਨਾਮ ਦਾਨ ਨਾ ਮੰਗਿਆ।। ਸੇਵਾ ਟਹਲੁ ਨ ਮੰਗੀ।। ਅਤੇ ਸਤਿਗੁਰੂ ਕੇ ਘਰਿ ਤਾਂ ਸਭ ਕਿਛੁ ਹੈ ਜੇਹੀ ਕੋਈ ਇਛਾ ਕਰਿ ਆਵਦਾ ਹੈ ਤੇਹਾ ਫਲ ਪਾਇੰਦਾ ਹੈ।। ਬਿਨਾ ਸਤਿਗੁਰ ਕੀ ਦੀਖਿਆ ਪਾਪ ਨਾਹੀ ਛੁਟਕਦੇ।। ਅਰ ਫਲੁ ਜੋ ਹੈ ਨ ਬਿਨਾ ਸਤਿਗੁਰੂ ਤੋਂ ਓਹੁ ਭੀ ਲਾਗਤੇ ਕੋਈ ਨਾਹੀ।। ਤਾਂ ਅਜਿਤੇ ਰਧਾਵੇ ਅਰਦਾਸੁ ਕੀਤੀ।। ਜੀ ਸਚੇ ਪਾਤਸਾਹੁ ਓਹੁ ਕਉਣ ਗੁਣ ਹੋਨਿ।। ਜਿਨਾਂ ਕਰਿਕੇ ਪਾਪ ਛੁਟਕਦੇ ਹੈਨਿ।। ਤਾਂ ਫੇਰਿ ਬਾਬੇ ਜੀ ਕਾ ਬੋਲਣਾ ਹੋਇਆ।। ਸਲੋਕੁ।।

ਨਾਨਕ ਨਾਉ ਨਿਰੰਕਾਰ ਹੈ,ਆਪ ਨਿਰੰਜਨ ਦੇਉ।।
ਕਈ ਜੁਗ ਵਰਤਾਰਾ ਵਰਤਿਆ ਆਪਣਾ ਆਪ ਸਮੇਉ।।
ਖੇਲੇ ਬਿਗਸੈ ਜਗ ਮੈ ਅਲਖ ਨਾ ਲਖਿਆ ਜਾਇ।।
ਤ੍ਰਿਭਵਣ ਸੋਝੀ ਤਿਸ ਕਉ ਜੋ ਮਾਰਗ ਦੇਇ ਬਤਾਇ।।
ਪੁਤ੍ਰ ਕਲਿਤ੍ਰ ਸਭ ਬੰਧਨਾ ਰਹੈ ਨਿਆਰਾ ਆਪ।।
ਲਖ ਨਿਰੰਜਨ ਆਪ ਹੈਨ ਤਿਸ ਮਾਇ ਨਾ ਬਾਪ।।
ਤਪੇ ਤਪੀਸਰ ਜੋਗੀਯਾ ਗੋਰਖ ਕਈ ਅਨੇਕ।।
ਜਿਨਿ ਖੋਜਿਆ ਤਿਨ ਪਾਇਆ ਨਾਨਕ ਸਤਿਗੁਰ ਏਕ।।੨੬।।

ਤਿਸਕਾ ਪ੍ਰਮਾਰਥੁ।। ਗੁਰੂ ਅਰੁ ਨਿਰੰਜਨ ਏਕ ਹੀ ਜੋਤ ਹੈ।। ਕਈ ਜੁਗ ਵਰਤਾਰਾ ਵਰਤਦਾ ਆਇਆ ਹੈ।। ਸੋ ਇਸੀ ਜਗ ਮਹਿ ਖੇਲਤਾ ਬਿਗਸਤਾ ਹਾਜਰ ਹੈ।। ਕੋਈ ਉਸਕੋ ਲਖ ਸਕਤਾ ਨਾਹੀ।।ਜੋ ਏਹ ਗੁਰੂ ਹੈ।।ਪਰੁ ਜੋ ਉਸਕੇ ਮਾਰਗਿ ਚਲਦਾ ਹੈ ਤਿਸਕੋ ਤ੍ਰਿਭਵਣ ਕੀ ਸੋਝੀ ਆਵਦੀ ਹੈ ਤਾਂ ਜਨਮੁ ਜਨਮੁ ਕੇ ਪਾਪ ਸਭ ਮਿਟ ਜਾਂਦੇ ਹੈਨਿ।। ਲੇਖਾ ਨਿਬੜਦਾ ਹੈ।।ਕੁਲਾ ਕਾ ਉਧਾਰ ਹੋਤਾ ਹੈ।। ਉਸਕਾ ਮਾਰਗ ਜੋ ਹੈ ਸੋ ਦੁਨੀਆ ਤੇ ਨਿਰਮੋਹੁ ਹੈ।। ਪੁਤ੍ਰ ਕਲਤ੍ਰ ਸਨਿਬੰਧੁ ਦੁਨੀਆਂ ਕੇ ਸਭ ਹੋਵਨਿਗੇ।। ਓਹੁ ਸਭਨਾਂ ਤੇ ਨਿਆਰਾ ਹੋਗਾ. ਉਸਕਾ ਨਾਉ ਅਲਖ ਨਰੰਜਨੁ ਹੈ।। ਉਸ ਕੋ ਲਖ ਸਕੇਗਾ ਕੋਈ ਨਹੀਂ।। ਸਾਂਗ ਕਰਿ ਭਰਮਾਏਗਾ।। ਅਰ ਆਪਣਾ ਬਾਣਾ ਛਡੇਗਾ ਨਾਹੀ।। ਬਾਣਾ ਉਸਕਾ ਕੀ ਹੈ ਸਬਦੁ ਹੈ।। ਸੋ ਸਬਦ ਹੀ ਤੇ ਪਾਈਐਗਾ।।

ਅਰੁ ਕਈ ਤਪੀਸਰ ਕਈ ਜੋਗੀਸਰੁ ਗੁਰੂ ਕਹਾਵਹਿਂਗੇ।। ਪਰ ਸਚਿ ਕੋ ਕੋਈ ਵਿਰਲਾ ਹੀ ਖੋਜੇਗਾ।। ਜਹਾ ਸਚ ਹੋਵੇਗਾ ਤਹਾਂ ਸਤਿਗੁਰੂ ਕਾ ਬਾਸਾ ਹੋਵੇਗਾ।। ਸੋ ਕਉਣ ਸਚ ਮਾਇਆ ਮੋਹ ਤੇ ਰਹਤ ਹੋਵੇਗਾ।। ਪਰ ਜਾ ਓਹੁ ਸਮਾ ਆਵੇਗਾ ਤਾਂ ਸਭ ਸੋਖ ਲਾਵੇਗਾ।। ਬੋਲਹੁ ਭਾਈ ਜੀ ਸ੍ਰੀ ਵਾਹਗੁਰੂ।।

।। ਸਲੋਕ।।

ਸੋਖੇ ਸਾਗਰਿ ਤਤ ਸਭਿ ਰਹੇ ਪਦ ਨਿਰਬਾਣੀ।।
ਓਹੁ ਵਿਸ ਵਿਸਵਾਸ ਤੇ ਵਿਗੁਤੇ ਪ੍ਰਾਣੀ।।੨੭ ।।

ਤਿਸਕਾ ਪ੍ਰਮਾਰਥੁ ।। ਸੁਣ ਬਚਾ ਇਕ ਸਮਾ ਐਸਾ ਆਵੇਗਾ।। ਸਤਿਗੁਰੂ ਸੰਗਤਿ ਕੋ ਸੋਖ ਲੇਵੇਗਾ।। ਤਾਂ ਓਹੁ ਪ੍ਰਾਣੀ ਬਿਗਸਾ ਹਾਰਿ ਜਾਵੇਗਾ।। ਤਬਿ ਕੁਬਿਧ ਉਪਜੇਗੀ।। ਜੋ ਮੂਹੋ ਕਹਹਿਂਗੇ ਅਸੀ ਸਿਖ ਬਾਬੇ ਨਾਨਕ ਕੇ ਹਾਂ।। ਜੋ ਮੇਰਾ ਵਾਸਤਾ ਪਾਏਗਾ ਸੋ ਤਿਸਕੋ ਨ ਮਨਨਗੇ।। ਮੇਰਾ ਨਾਉ ਨਾ ਮੰਨਨਗੇ।। ਅਰੁ ਸਿਖ ਕਹਾਇਨਗੇ।। ਓਹੁ ਬੇਮੁਖ ਨਰਕ ਨੂੰ ਪਾਈਆਨਿਗੇ।। ਕਿਉਂ ਜੋ ਉਨਾ ਕੋ ਮੇਰਾ ਸਬਦ ਸੁਨਿਆਂ ਲਗੇਗਾ ਨਾਹੀ।। ਜਿਉ ਪਾਥਰ ਕਉ ਜਲ ਨਹੀਂ ਪੋਹਤਾ।।
ਤਬਿ ਓਹੁ ਵਿਗੁਚੇਂਗੇ।।ਗੁਰੂ ਓਨਾ ਕੋ ਨਦਰਿ ਆਵੇਗਾ ਨਾਹੀ।।ਗੁਰੂ ਉਨਾ ਦਾ ਵਿਸਾਹੁ ਕਰੇਗਾ ਨਾਹੀ।। ਜਿਉ ਸਾਹੂਕਾਰ ਝੂਠਿਆ ਵਣਜਾਰਿਆ ਕਾ ਵੇਸਾਹੁ ਨਹੀਂ ਕਰਦਾ।। ਅਤੇ ਸੁਨ ਧਿਆਨ ਹੋਇ ਹੋਇ ਬੈਠਤਾ ਹੈ।। ਸੋ ਉਨਾ ਦੇ ਸੰਗ ਬੋਲਦਾ ਨਾਹੀ।। ਜਿਤਨੀ ਕੁਛ ਓਹ ਅਰਦਾਸ ਕਰਦੇ ਹੈਨ ਸੋ ਭੀ ਸੁਣਦਾ ਨਾਹੀ।। ਤਾਂ ਓਹੁ ਖਾਲੀ ਹੀ ਜਾਂਣਗੇ।। ਤਾਂ ਅਜਿਤੇ ਰਧਾਵੇ ਅਰਦਾਸਿ ਕੀਤੀ ਜੀ ਸਚੇ ਪਾਤਿਸਾਹੁ ਓਹੁ ਦਾਨ ਪੁੰਨ ਭੇਟ ਤੇਰੇ ਨਾਮ ਕੀ ਦੇਨਗੇ।। ਤਾਂ ਉਨਾਂ ਕੋ ਕੁਛ ਪ੍ਰਾਪਤ ਹੋਵੇਗਾ ਕੇ ਨਾ।। ਤਾਂ ਫੇਰ ਸਤਿਗੁਰੂ ਕਾ ਬੋਲਣਾ ਹੋਇਆ ।। ਸਲੋਕੁ।।

ਦਾਨ ਪੁੰਨ ਕਬਹੂ ਨਹੀਂ ਸਿਜੇ ਦਿਤਾ ਗੁਰੂ ਕਾ ਖਾਇ।।
ਅਹੰਕਾਰ ਕਰਿਕੇ ਦੇਵੇ ਮੁਹ ਕਾਲਾ ਚਲਿਆ ਜਨਮੁ ਗਵਾਇ।।੨੮।।

ਤਿਸਕਾ ਪ੍ਰਮਾਰਥੁ।। ਸੁਣ ਬਚਾ ਇਸ ਦਾਨ ਪੁੰਨ ਤੇ ਸਿਜਦਾ ਨਾਹੀ।। ਇਸਕੀ ਮੁਕਤਿ ਹੋਦੀ ਨਾਹੀ ਅਤੇ ਦਾਨ ਪੁੰਨ ਕਰਕੇ ਕਹਿਦਾ ਹੈ ਜੋ ਹਉ ਕਰਦਾ ਹਾਂ।। ਸੋ ਇਸਕਾ ਕੀ ਹੈ।। ਏਹ ਜੋ ਖਾਂਦਾ ਹੈ ਸਭ ਕਰਣੇ ਹਾਰੇ ਦੀ ਦਾਤ ਹੈ।। ਅਤੇ ਆਪਣੇ ਕਾਰਜ ਕੇ ਵਾਸਤੇ ਕਰਹਿਗੇ।। ਗੁਰੂ ਕੇ ਮਿਲਨੇ ਕੇ ਨਿਮਿਤਿ ਕਰਹਿਗੇ।। ਜੋ ਗੁਰੂ ਕਾ ਵਾਸਤਾ ਪਾਏਗਾ ਤਿਸਕੋ ਤਾ ਨ ਦੇਵਹਿਗੇ।। ਆਪਣੇ ਪ੍ਰਾਪਤਿ ਵਾਸਤੇ ਕਰਹਿਗੇ।। ਇਉਂ ਹੀ ਦੁਨੀਆਂ ਕੇ ਕਾਰਣਿ ਨਾਹਿ ਜਨਮੁ ਜਾਵੇਗਾ।। ਸਲੋਕ।।

ਗਊ ਘਾਤ ਹਤਿਆ ਨਹੀਂ ਛੁਤਰੇ ਤਟਿ ਤੀਰਥ ਭ੍ਰਮਾਇ।।
ਕਹੁ ਨਾਨਕ ਜਗ ਥਾਪ ਉਥਾਪੇ ਸਤਿਗੁਰੁ ਕਿਨੇ ਨ ਪਾਇਓ ਜਾਇ।।੨੯।।

ਤਿਸਕਾ ਪ੍ਰਮਾਰਥੁ।। ਸੁਣ ਬਚਾ ਅਜਿਤਿਆ ਜੋ ਪੁਰਖ ਗਊ ਮਾਰਿਕੇ ਜੋ ਤੀਰਥ ਜਾਂਦੇ ਹੈਨਿ।। ਸੋ ਹਤਿਆ ਨਾਹੀ ਉਤਰਦੀ।। ਅਰੁ ਜੋ ਸਾਧਾਂ ਕੀ ਨਿੰਦਿਆ ਕੀ ਹਤਿਆ ਹੈ ਸੋ ਭੀ ਨਾਹੀ ਉਤਰਦੀ।। ਭਾਵੇ ਅਨੇਕ ਤੀਰਥ ਕਰੇ ਭਾਵੇ ਅਨੇਕ ਪੁੰਨ ਕਰੇ।। ਭਾਵੇ ਤਪ ਕਰੇ।। ਸਾਧ ਕੇ ਨਿੰਦਕ ਕੇ ਪਾਪ ਨਾਹੀ ਉਤਰਦੇ।। ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹੁ ਕਲਜੁਗ ਕੇ ਜੋ ਗੁਰੂ ਹੋਵਹਿਗੇ ਤਿਨਾ ਕੀ ਸੁਖ ਸਰੀਣੀ ਕਾ ਕਿਆ ਫਲੁ ਹੋਵੇਗਾ।। ਸਲੋਕ।।

ਸੁਖ ਸਰੀਨੀ ਜੋ ਨਰ ਕਰੇ ਸੋ ਲਖ ਚਉਰਾਸੀਹ ਜੂਨ ਫਿਰਿ ਆਵੇ।।
ਜੋ ਚਾਉ ਤਮਾਸੇ ਬਾਧਿਆ ਸੋ ਪਛੋਤਾਵੇ।।
ਸਤਿ ਭਗਤਿ ਅਸਗਾਹ ਹੈ ਕਿਉਂ ਮਾਰਗ ਪਾਵੇ।।

ਨਾਨਕ ਸਤਿਗੁਰ ਤਾਂ ਮਿਲੈ ਜਾ ਸਚ ਸਮਾਵੈ।।੩੦।।

ਤਿਸਕਾ ਪ੍ਰਮਾਰਥੁ।। ਸੁਣੋ ਬਚਾ ਆਜਿਤਿਆ ਕਲੁਜੁਗੀ ਜੋ ਸੁਖ ਸਰੀਨੀਆਂ ਮੰਨਣਗੇ ਸੋ ਛੂਠਿਆ ਬਾਵਾ ਨੂੰ ਮੰਨਣਗੇ।। ਪੀਰਾ ਅਰੁ ਗੋਰਾਂ ਕੀ ਮਨਣਿਗੇ।। ਸੋ ਫੇਰ ਚਉਰਾਸੀ ਭਰਮਣਿਗੇ।। ਏਹ ਕਲੂਜੁਗ ਕੇ ਪੀਰੁ ਅਰੁ ਗੁਸਾਈ ਜੋ ਹੋਵਣਿਗੇ।। ਸੋ ਕਚੇ ਗੁਰੂ ਹੋਵਣਿਗੇ।। ਬਿਨਾ ਸਤਿਗੁਰਾਂ ਇਨਾ ਦਾ ਛੁਟਕਾਰਾ ਨਹੀਂ ਹੋਣਾ।। ਪਰ ਚਾਉ ਤਮਾਸੇ ਪਿਛੇ ਦੁਨੀਆ ਰੀਝੇਗੀ।। ਸੋ ਓਹੁ ਚਾਉ ਤਮਾਸੇ ਗੁਰੂ ਕੇ ਹੋਵਣਿਗੇ।। ਅਰ ਬੰਦਗੀ ਭੀ ਦੁਨੀਆ ਦੀ ਦੇਖੋ ਦੇਖੀ ਵਾਸਤੇ ਕਰਨਿਗੇ।। ਦੁਨੀਆਂ ਕੀ ਜੁਗਤ ਤੇ ਮੁਕਤਿ ਨਾਹੀ।। ਅਤੇ ਸਰ ਡੂਗਰ ਜੋ ਹੈ ਸੋ ਸ੍ਰੀ ਕਰਣਹਾਰਾ ਹੈ।। ਸੋ ਅਗਮ ਦਿਆਲ ਬਿਅੰਤ ਪਰੇ ਤੇ ਪਰੇ ਹੈ।। ਬੇਸੁਮਾਰ ਹੈ।। ਸੋ ਬਿਨਾਂ ਸਤਿਗੁਰੂ ਉਸ ਦਾ ਥਾਉ ਨਾਹੀ ਦਿਸਦਾ।। ਸੋ ਸਤਿਗੁਰੂ ਕੋ ਮਿਲਿਆ ਸੋ ਸਚਿਆਰੁ ਹੋਇਆ।। ਦੁਨੀਆਂ ਕਾ ਮਾਰਗ ਵਡੇ ਸਤਿਗੁਰੂ ਕੇ ਮਾਰਗ ਚਲੇ।। ਸਤਿਗੁਰੂ ਕਾ ਮਾਰਗਿ ਕਉਣ ਹੈ।। ਸਚੁ ਸਬਦੁ ਹੈ।। ਸਬਦ ਨਾਲ ਰਚੇ ਤਾਂ ਸਤਿਗੁਰੂ ਕੋ ਮਿਲੈ।। ਸਚਿ ਮੇ ਸਮਾਵੈ ਜੂਨੀ ਭਰਮੈ ਨਾਹੀ।। ।।ਸਲੋਕੁ।।

ਫੰਧੀ ਦਰਬਾਜਰਿ ਦੇਵਾਨੇ।। ਪਜਰੇ ਕੇਸੂ ਫੂਲ ਭੁਲਾਨੇ।।

ਕਰੇ ਮੋਹ ਤਰੀਆ ਨਾਵੈ ਅੰਗੁ।। ਨਾਨਕ ਚਉਰਾਸੀਹ ਕਾ ਪਾਵੈ ਸੰਗੁ।।੩੧।।

ਤਿਸਕਾ ਪ੍ਰਮਾਰਥੁ।। ਸੁਣ ਬਚਾ ਓਹੁ ਕੈਸੇ ਮਰਦਿ ਹੋਵਨਿਗੇ।। ਜੇ ਕੋਈ ਸਾਧ ਹੋਵੇਗਾ ਸਤਿਗੁਰੂ ਕੇ ਜਾਨਣੇ ਵਾਲਾ ਤਿਸੁ ਕੇ ਮਰੇ ਜੀਅ ਕੇ ਨਾਗੂ ਹੋਵਨਿਗੇ।। ਅਤੇ ਬਜਾਰ ਜੋ ਕਰਣਿਗੇ ਜਿਉ ਬਜਾਰ ਮਹਿ ਕੂੰਗਜੜੇ ਭਠਿਆਰੇ ਲਲਦੇ ਹੈਨਿ।। ਤਿਉ ਓਹੁ ਲੜ ਪਵਣਿਗੇ।। ਅਰ ਬਾਤਾ ਜੋ ਕਰਣਿਗੇ ਸੋ ਦੇਵਾਨਿਆ ਹੀ ਕੀਆ ਕਰਨਿਗੇ।। ਜਿਉ ਕੇਸੂ ਫੂਲਾ ਕਾ ਗੁਸਾ ਖਿੜ ਪਉਦਾ ਹੈ।। ਤਿਉ ਉਨਾਂ ਦਾ ਰੰਗ ਟੁਟਿ ਜਾਵੇਗਾ।। ਓਹ ਆਪ ਵਿਚ ਅਕਠੇ ਨ ਹੋਵਨਿਗੇ।। ਉਨਾ ਦਾ ਮੋਹ ਤਿਰੀਆ ਸੰਗ ਲਗ ਜਾਵੇਗਾ ਸਤਿਗੁਰੂ ਤੇ ਓਹੁ ਬੇਮੁਖ ਹੋਇ ਜਾਵਣਿਗੇ ਉਹ ਚਉਰਾਸੀ ਭਰਮਣਿਗੇ।। ਤਾਂ ਫੇਰ ਅਜਿਤੇ ਰੰਧਾਵੇ ਅਦਰਾਸ ਕੀਤੀ ਜੀ ਸਚੇ ਪਾਤਸਾਹੁ ਤੇਰੇ ਘਰਿ ਘਰਿ ਸਿਖ ਕਹਾਇਨਗੇ।। ਸੇ ਪੜਨੇਗੇ ਗਾਵਣਿਗੇ ਤਿਸ ਕੀ ਗਲ ਕਿਉਂ ਕਰਿ ਹੋਵੇਗੀ।। ਤਾਂ ਫੇਰਿ ਸ੍ਰੀ ਸਤਿਗੁਰੂ ਜੀ ਕਾ ਬੋਲਣਾ ਹੋਇਆ ।। ।।ਸਲੋਕੁ ।।

ਨੁਕਮੇ ਜ਼ਗੁ ਗਿਰਾਸਿਆ ਨੁਕਮੇ ਕੀ ਮਹਿਮਾ ਖੂਬ।।

ਨੁਕਸੇ ਵਿਚਹੁ ਗਿਰਾਸਿਆ ਕਨੀ ਕਾਲ ਫਾਬਾ ਸਿੰਘ ਕਰਤੂਬ।।

ਕਧਹਾ ਚੜਕੇ ਕਿਲਕੇ ਬਹਿ ਬਹਿ ਹੀਗਹਿ ਬਾਠ।।

ਫਿਟ ਅਵੇਹਾ ਖਾਇਆ ਸਿਰ ਮਾਰੇ ਸੈਤਾਨ।।੩੨ ।।

ਤਿਸਕਾ ਪ੍ਰਮਾਰਥੁ।। ਸੁਣ ਭਾਈ ਅਜਿਤਿਆ ਕਲਜੁਗ ਕੇ ਵਿਚ ਗੁਰੂ ਕੇ ਸਿਖ ਥੋੜੇ ਹੋਵਣਿਗੇ।। ਐਸਾ ਵਖਤ ਆਵੇਗਾ ਜਿਥੇ ਟੁਕੜਾ ਖਾਵਣਿਗੇ ਤਿਥੇ ਹੀ ਪੜਣਿਗੇ ਓਥੇ ਹੀ ਗੁਰੂ ਕਹਿਣਗੇ।। ਓਥੇ ਹੀ ਗਾਵਣਿਗੇ।। ਅਜੇਹੀ ਜਿਲਸ ਕੀ ਸਿਖੀ ਹੋਗੁ।। ਜਿਸ ਕਾ ਖਾਵਣਿਗੇ ਤਿਸੇ ਕੋਉ ਸਲਾਹਣਿਗੇ।। ਸਤਿਗੁਰੂ ਤੇ ਭੁਲ ਜਾਵਣਿਗੇ।। ਸੋ ਹੁਕਮਾ ਇਹੁ ਹੋਇ ਲਗੇਗਾ।। ਜਿਉ ਸਿੰਘ ਕਾਲ ਕੀ ਫਾਸੀ ਵਿਚ ਫਾਸਦਾ ਹੈ।। ਖਾਣਾ ਪੀਣਾ ਭੁਲ ਜਾਂਦਾ ਹੈਸੁ।। ਜੀਆ ਕੀ ਪਉਦੀ ਹੈਸੁ।। ਤਿਉ ਓਨਾਂ ਕਉ ਭੀ ਇਕ ਦਿਨ ਜੀ ਕੀ ਪਵੇਗੀ।। ਖਾਣਾ ਪੀਣਾ ਭੁਲ ਜਾਵੇਗਾ।। ਜਿਉਂ ਕਰਿ ਗਧਾ ਮਸਤ ਹੋਇ ਕਰਿ ਹੀਂਗਦਾ ਹੈ।। ਤਿਉ ਓਹ ਗਾਵਣਿਗੇ।।

ਇਕ ਇਕੁ ਜਮ ਕੇ ਹਵਾਲੇ ਹੋਵਹਿਗੇ।। ਤਾਂ ਬਿਲਲਾਵਹਿਗੇ।। ਦੁਖ ਪਾਇਨਗੇ।। ਤਾਂ ਆਖਹਿਗੇ ਜੋ ਫਿਟੇ ਮੁਹੁ ਇਸ ਖਾਦੇ ਅਸਾਡੇ ਦਾ।। ਜੋ ਇਹੁ ਹਵਾਲ ਹੋਇਆ ਹੈ।। ਤਾਂ ਆਖਣਗੇ ਜੋ ਅਸੀਂ ਗੁਰੂ ਤੇ ਭੁਲੇ ਹਾਂ।। ਤਾਂ ਫੇਰ ਓਹ ਵਖਤ ਪਾਵਹਿਗੇ ਨਾਹੀ।। ਫੇਰ ਬਖਸੀਅਹਿਗੇ ਨਾਹੀ।। ਕਿਉ ਜੋ ਖਾਣਾ ਦਾਣਾ ਗੁਰੂ ਜੀ ਦਾ ਅਰ ਸਲਾਹਣਾ ਮਨੁਖ ਕਾ।। ਪਛੋਤਾਵਹਿਗੇ।। ਤਾਂ ਅਜਿਤੇ ਰਧਾਵੇ ਅਰਦਾਸਿ ਕੀਤੀ ਜੀ ਸਚੇ ਪਾਤਿਸਾਹੁ ਕੋਈ ਜੋ ਕਿਸੀ ਕੀ ਸੇਵਾ ਕਰਦਾ ਹੈ ਸੋ ਥਾਇ ਪਵੇਗੀ ਕਿ ਬਿਰਥੀ ਜਾਇਗੀ।। ਤਾਂ ਫੇਰਿ ਸ੍ਰੀ ਗੁਰੂ ਬਾਬੇ ਜੀ ਕਾ ਬੋਲਣਾ ਹੋਇਆ।। ਸਲੋਕੁ।।

ਸੇਵਕਿ ਮੋਹਹਿ ਵਿਟੋਲੇ।। ਕਾਗ ਜੋਨ ਵਿਸਟਾ ਫੋਲੇ।।
ਕਰੇ ਸੇਵਾ ਸਤਿਗੁਰੂ ਨਾ ਭਾਵੈ।। ਸੋ ਸੇਵਕ ਸੇਵਾ ਖੋਇ ਜਾਵੈ।।
ਲਿਖਿਆ ਲੇਖ ਨਾਹੀ ਧੁਰਿ ਰੰਗ।। ਨਾਨਕ ਤਿਸ ਤੇ ਚੁਪੈ ਚੰਗੁ।।੩੩।।

ਤਿਸਕਾ ਪ੍ਰਮਾਰਥੁ।। ਜੋ ਸੇਵਕ ਹੋਇਕੇ ਗਰਬੇ ਜੋ ਮੈ ਅਜੇਹੀ ਸੇਵਾ ਕਰਦਾ ਹਾਂ।। ਮੈਂ ਭੀ ਕੁਛ ਹੋਇਆ ਹਾਂ।। ਤਿਸਕੀ ਜੂਨ ਕਾਂਗ ਕੀ ਹੋਦੀ ਹੈ।। ਉਸ ਦੇ ਮੁਹ ਵਿਸਟਾ ਮਿਲਦੀ ਹੈ।। ਜੋ ਕਰਕੇ ਮਨਿ ਵਿਚ ਗਰਭ ਕਰਦਾ ਹੈ।। ਅਰੁ ਆਖਦਾ ਹੈ ਜੋ ਮੈ ਗੁਰੂ ਕੋ ਕਛੁ ਦੇਦਾ ਹਾਂ।। ਅਰੁ ਗੁਰੂ ਕੇ ਭਾਣੇ ਚਲੇ ਨਾਹੀ।। ਤਾਂ ਓਹੁ ਸੇਵਕ ਗੁਰੂ ਕੋ ਨਾਹੀ ਭਾਵਦਾ।। ਓਹੁ ਸੇਵਾ ਅਪਣੀ ਖੋਇ ਜਾਦਾ ਹੈ।। ਲਿਖਿਆ ਲੇਖੁ ਨਾਹੀ ਧੁਰ ਅੰਗ।। ਉਨਾ ਦੇ ਸਿਰ ਧੁਰ ਦਾ ਲੇਖ ਲਿਖਿਆ ਹੋਇਆ ਹੈ।। ਸੋ ਟਲਣੇ ਕਾ ਨਾਹੀ।। ਓਹ ਦੇਖੋ ਦੇਖੀ ਸੇਵਕ ਕਰਦੇ ਹੈਨਿ।। ਪਰ ਰੰਗ ਨਾਹੀ ਲਗਦਾ।। ਅਤੇ ਚੁਪ ਚੰਗੀ ਹੈ ਸੋ ਕੀ ਹੈ।। ਸੋ ਸਿਉ ਬੁਧ ਹੈ।। ਜਿਉ ਕਰਿ ਸੰਤੋਖ ਮੈ ਰਹੈ।। ਤਾਂ ਇਸ ਸੇਵਾ ਤੇ ਫਲੁ ਲਗਦਾ ਹੈ।। ਨਾਨਕ ਤਾਤੇ ਚੁਪ ਚੰਗੀ।। ਤਾਂ ਅਜਿਤੇ ਰਧਾਵੇ ਅਰਦਾਸੁ ਕੀਤੀ ਜੀ ਸਚੇ ਪਾਤਿਸਾਹਿ ।। ਕਲੀ ਕਾਲ ਕੇ ਵਿਖੇ ਸੰਸਾਰੀ ਸਾਧ ਕਿਸਨੋ ਕਹਿਨਿਗੇ।। ਅਰੁ ਕਿਸਨੂੰ ਪੂਜਨਿਗੇ।। ਤਾਂ ਫੇਰ ਬੋਲਣਾ ਹੋਇਆ।। ਸਲੋਕ।।

ਸਾਧ ਕਹਾਇ ਮੁਖ ਬੁਰਾ ਜੋ ਬੋਲੇ ।।
ਜੀਆਂ ਘਾਤ ਕਰਿ ਅਨਰਥ ਤੋਲੈ।।
ਨਹੇ ਸਜਾਇ ਦਰਗਹਿ ਨਾਹੀ ਢੋਈ।।
ਕਹੁ ਨਾਨਕ ਤਿਨ ਮਿਲਿਆ ਮੁਕਤ ਨਾ ਹੋਈ।। ੩੪ ।।

ਤਿਸਕਾ ਪ੍ਰਮਾਰਥੁ।। ਗੁਰੂ ਜੀ ਕਹੈ।। ਭਾਈ ਅਜਿਤਿਆ ਕਲੀ ਕਾਲ ਵਿਖੇ ਜਿਨਾ ਨੂੰ ਸੰਸਾਰ ਸਾਧ ਕਰਕੇ ਜਿਲਨੋ ਪੂਜੇਗਾ।। ਸੋ ਕੁਚਲ ਚਾਲ ਚਲਣਗੇ।। ਕੁਬਾਨ ਬੋਲਨਗੇ।। ਓਹ ਸਾਧ ਕਰਕੇ ਮਥਾ ਟੇਕਨ ਜਾਵਨਗੇ ਅਤੇ ਓਹ ਅਗੋ ਬੁਰਾ ਬੋਲਨਗੇ।। ਅਤੇ ਮਨ ਤੇ ਦਇਆ ਨ ਹੋਵੇਗੀ।। ਬੇਮੇਹਰ ਹੋਵਨਗੇ।। ਸੋ ਅਨਰਥ ਕਉ ਤੋਲਨਗੇ ਅਤੇ ਓਹ ਅਤਿ ਸਜਾਇ ਪਾਵਨਗੇ।। ਦਰਗਹਿ ਢੋਈ ਨਾ ਮਿਲੇਗੀ।। ਓਹ ਚੌਰਾਸੀ ਫੇਰ ਪਾਵਨਗੇ।। ਅਤੇ ਨਰਕਗਾਮੀ ਹੋਵਹਿਗੇ।। ਅਤੇ ਜੋ ਕੋਈ ਉਨਾ ਕਉ ਪੂਜੇਗਾ ਸੋ ਮੁਕਤ ਨਾ ਪਾਵੇਗਾ ਅਤੇ ਨਿਹਫਲ ਜਾਵੇਗਾ।। ਨਾਨਕ ਤਿਨ ਮਿਲਿਆ ਮੁਕਤ ਨਾ ਹੋਈ।। ਤਾ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸੱਚੇ ਪਾਤਸਾਹੁ ਜੋ ਸਾਧ ਤੇਰੇ ਮਨ ਭਾਣੇ ਹੈਨ ਤਿਨ ਕੀ ਕਿਆ ਚਾਲੀ ਹੈ।। ਤਾਂ ਬੋਲਣਾ ਹੋਇਆ।।

।। ਸਲੋਕ ।।

ਸਾਧ ਕੀ ਮਹਿਮਾ ਬੇਦ ਨਾ ਜਾਣੈ।। ਓਹ ਗਰਭ ਜੋਨ ਨਹੀ ਆਏ।। ਓਹ ਬੁਰਾ ਨ ਬੋਲਣ

ਕੁਬਚਨ ਨ ਬੋਲਹਿ ਗੁਰਮੁਖ ਸਬਦ ਸਮਾਏ।।
ਸਦਾ ਹਜੂਰ ਰਹੇ ਰੰਗ ਰਾਤੇ ਮਾਤੇ ਸਦਾ ਖੁਮਾਰੀ।।
ਰਾਗ ਨਿਰੰਤਰ ਮਿਲਹਿ ਨਿਵਾਸੀ ਸਹਜਿ ਨਗੀ ਧੁਨਿਕਾਰੀ।।
ਗੁਪਤਿ ਬਾਣੀ ਕੋ ਵਿਰਲਾ ਬੂਝੈ ਕਛੂ ਨ ਜਾਏ ਕਹਿਣਾ।।
ਕਹੁ ਨਾਨਕ ਤਿਨ ਹੋਇ ਪਰਾਪਤਿ ਜਿਸ ਪੂਰਬ ਲਿਖੇ ਕਾ ਲਹਿਣਾ।। ੩੫ ।।

ਤਿਸਕਾ ਪਰਮਾਰਥ।। ਭਾਈ ਅਜਿਤਿਆ ਸਾਧ ਕੀ ਮਹਿਮਾ ਬੇਦ ਭੀ ਨਹੀਂ ਜਾਨਤਾ।। ਬੇਦ ਜੋ ਹੈ ਸੋ ਤ੍ਰਿਹੁ ਗੁਣਾਂ ਕੀਆਂ ਬਾਤਾਂ ਕਰਤਾ ਹੈ।। ਚਉਥੇ ਗੁਣ ਕਉ ਨਾਹੀ ਜਾਣਤਾ।। ਚਉਥਾ ਬੇਦ ਜੋ ਹੈ ਸੋ ਸੰਤ ਹੀ ਹੈਨ।। ਤਿਨਾ ਕੀ ਬੇਦ ਕੋ ਭੀ ਖਬਰ ਨਾਹੀ।। ਅਤੇ ਸੰਤਾਂ ਕੀ ਖਬਰ ਓਹ ਅਕਾਲ ਪੁਰਖ ਆਪ ਹੀ ਜਾਣੈ ਅਥਵਾ ਸੰਤ ਕੀ ਮਹਿਮਾ ਸੰਤ ਹੀ ਜਾਣਹਿ।। ਓਹ ਅੰਤਰ ਆਤਮੇ ਕੇ ਸਮਾਇ ਰਹੇ ਹੈਨ।। ਅਨਹਦ ਸਬਦ ਕੇ ਸਾਥ ਉਨਕੀ ਆਠ ਪਹਿਰ ਲਿਵ ਲਾਗ ਰਹੀ ਹੈ ਅਤੇ ਖੁਮਾਰੀ ਉਤਰਤੀ ਨਾਹੀ।। ਨਾਮ ਦੇ ਸੰਗ ਰਚਿ ਰਹੇ ਹੈਨ।। ਦੁਨੀਆਂ ਕੀ ਸੁਰਤਿ ਭੁਲ ਗਈ ਹੈ ਸਭ ਗੁਰੂ ਨਾਲ ਸਮਾਏ ਤਾ ਕਉਣ ਬੋਲੈ ਤੇ ਕਉਣ ਬਚਨ ਦੇਇ।।ਜਬ ਐਸਾ ਹੁਆ ਤਬ ਸੰਸਾਰ ਤੇ ਉਲਟਾ ਹੋਇਆ।। ਅਤੇ ਬਾਣੀ ਭੀ ਉਸਕੀ ਉਲਟੀ ਹੋਇ ਜਾਤੀ ਹੈ।। ਕਉਣ ਸਮਝੈ ਕਉਣ ਬੀਚਾਰੇ।। ਕੋਈ ਗੁਰਮੁਖ ਸਮਝੈ ਜਿਸ ਕੇ ਪੂਰਬ ਦਾ ਲਹਿਣਾ ਹੋਵੇਗਾ।। ਜਿਥੇ ਸੰਤ ਹੋਵਨਗੇ ਓਥੇ ਕਲੀ ਕਾਲ ਦੇ ਲੋਕ ਉਨਾ ਦੀ ਨਿੰਦਾ ਕਰਦੇ ਹੈਨ।। ਉਨਾ ਸੰਤਾ ਕੋ ਚੋਰ ਚਾਰ ਕਹਨਿਗੇ।। ਤਾ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸਚੇ ਪਾਤਸਾਹ ਜੀ ਉਸ ਵਖਤ ਕਿਸੇ ਨੂੰ ਸਨਮੁਖ ਰਖੇਗਾ ਕਿ ਨਹੀਂ ।। ਸ੍ਰੀ ਗੁਰੂ ਨਾਨਕ ਜੀ ਕਹੈ ਬਚਾ ਜਿਸਦੇ ਪੂਰਬ ਮਸਤਕ ਲੇਖ ਲਿਖਿਆ ਹੈ ਸੋ ਹੋਵੇਗਾ ਤਿਸਨੋ ਏਹ ਵਖਤ ਪ੍ਰਾਪਤ ਹੋਵੇਗੀ।। ਸਲੋਕ।।

ਗਹਜ ਕਥਾ ਨੇ ਮਨ ਮਹਿ ਰਾਖੈ।।
ਓਅੰਕਾਰੁ ਅਖਰ ਚਿਤੁ ਮਹਿ ਭਾਖੈ।।
ਕਰੇ ਨਮਸਕਾਰ ਪੂਰੇ ਗੁਰਦੇਵ ।।
ਨਾਨਕ ਮਿਲਿਐ ਅਲਖ ਅਭੇਵਾ।। ੩੬ ।।

ਤਿਸਕਾ ਪਰਮਾਰਥ।। ਬਚਾ ਅਜਿਤਿਆ ਗੁਹਜ ਕਥਾ ਜੋ ਹੈ ਸੋ ਸਬਦ ਹੈ।। ਤਿਸਕੋ ਵਿਰਲਾ ਹੀ ਮਨ ਵਿਚ ਰਖੇਗਾ।। ਅਰੁ ਅਖਰ ਜੋ ਭਾਖੈ ਸੋ ਕੀ ਭਾਖੈ।। ਅਖਰ ਜੋ ਹੈ ਸੋ ਏਕੰਕਾਰ ਹੈ ਸ੍ਰਿਸਟ ਕਾ ਕਰਤਾ ਉਨ ਕੀ ਦੀਖਿਆ ਸਚ ਸਬਦ ਹੈ ਤਾਂ ਓਹ ਸਚ ਸਬਦ ਕਿਸਤੋ ਪਾਈਐ ਸੋ ਪੂਰੇ ਗੁਰੂ ਤੇ ਪਾਈਐ।।ਤੂੰ ਕਰ ਨਮਸਕਾਰ ਪੂਰੇ ਗੁਰਦੇਵ ਕੋ।। ਨਾਨਕ ਮਿਲੀਐ ਅਲਖ ਅਭੇਵ।। ਸੋ ਮਨ ਕਿਤੇ ਬਾਤ ਭਿਜਦਾ ਨਾਹੀ।। ਸੋ ਸਚ ਸਬਦ ਪਰ ਭਿਜਦਾ ਹੈ।। ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹ ਕਿਛੁ ਪੁਨ ਦਾਨ ਭੀ ਫਲਦਾ ਹੈ ਕੇ ਨਹੀਂ।। ਤਾਂ ਬੋਲਣਾ ਹੋਇਆ।। ਸਲੋਕ।।

ਕਰੇ ਦਾਨ ਜੋ ਗੁਰ ਕੋ ਭਾਵੈ।। ਉਹ ਫਿਰ ਨਹੀਂ ਜੂਨੇ ਜਨਮੁ ਨ ਆਵੈ।।
ਨਾਨਕ ਸਚੀ ਦਰਗਹਿ ਪਹਿਦਾ ਜਾਵੈ।। ੩੭।।

ਤਿਸਕਾ ਪਰਮਾਰਥ।। ਸੁਣ ਭਾਈ ਅਜਿਤਿਆ ਜੇਹ ਜੋ ਦਾਨ ਕਰਦੇ ਹੈਨ ਸੋ ਸਉਦਾ ਕਰਦੇ ਹੈਨ।। ਸੋ ਕੈਸਾ ਸਉਦਾ ਕਰਦੇ ਹੈਨ ਜੋ ਮੇਰੇ ਦੂਣੇ ਹੋਵਨ ਜਾ ਸਵਾਏ ਹੋਸਨ।। ਅਰ ਕਹਿਦਾ ਹੈ ਜੋ ਮੈ ਕਰਦਾ ਹਾਂ ਸੋ

ਮੈ ਪਾਵਾਂਗਾ।। ਜੋ ਦਾਨ ਕਰਕੇ ਫਲਤਾ ਹੈ ਸੋ ਫੇਰ ਗਰਭ ਮਹਿ ਆਵਤਾ ਹੈ।। ਅਤੇ ਜੋ ਸਤਗੁਰੂ ਨੋ ਦਾਨ ਭਾਵਦਾ ਹੈ ਸੋਈ ਅਛਾ ਹੈ।। ਤਾ ਅਜਿਤੇ ਰੰਧਾਵੇ ਅਦਰਾਸ ਕੀਤੀ ਜੀ ਸਚੇ ਪਾਤਸਾਹੁ ਜੀ ਓਹ ਕੇਹੜਾ ਦਾਨ ਹੈ ਜੋ ਸਤਿਗੁਰੂ ਨੂੰ ਭਾਂਵਦਾ ਹੈ।। ਤਾਂ ਸ੍ਰੀ ਗੁਰੂ ਨਾਨਕ ਜੀ ਕਹੇ ਬਚਾ ਅਜਿਤਿਆ ਸਤਗੁਰਾ ਨੂੰ ਏਹੁ ਦਾਨ ਭਾਂਵਦਾ ਹੈ ਜੋ ਸਿਖ ਸਤਗੁਰਾ ਦੇ ਨਮਿਤ ਦਾਨ ਲਖੇ।। ਅਤੇ ਕਹੇ ਕਿਆ ਜੋ ਆਪਣਾ ਆਪ ਨਾ ਜਣਾਵੇ ਅਤੇ ਜੋ ਕੁਝ ਕਰਦਾ ਹੈ ਤਾ ਆਖਦਾ ਹੈ ਜੋ ਮੇਰਾ ਇਸ ਮੇ ਕੁਛ ਨਹੀਂ।। ਸਭ ਕੁਛ ਸ੍ਰੀ ਗੁਰੂ ਕਾ ਹੈ।। ਤੇ ਦਾਤਾ ਭੁਗਤਾ ਸਤਗੁਰੂ ਆਪ ਹੈ ਔਰ ਸਾਸ ਸਾਸ ਸ੍ਰੀ ਗੁਰੂ ਜੀ ਦਾ ਜਾਪ ਕਰੇ ਹੇ ਅਜਿਤਿਆ ਨਾਮ ਤੁਲ ਕੁਛ ਅਵਰ ਨਾਹੀ।। ਹੇ ਬਚਾ ਉਸਕਾ ਦਾਨ ਸਤਿਗੁਰਾ ਕੋ ਭਾਵਦਾ ਹੈ।। ਓਹ ਦਾਨ ਫਿਰ ਫੁਲਤਾ ਨਹੀਂ।। ਫੁਲਤਾ ਏਹ ਹੈ ਜੋ ਗਰਭ ਜੂਨ ਮੇ ਨਹੀਂ ਆਵਤਾ ਓਹ ਸਚੇ ਸਚ ਸਮਾਵਤਾ ਹੈ।। ਅਰ ਸਚੀ ਦਰਗਹਿ ਪਹਿਰਿਆ ਜਾਵੇਗਾ।। ਸਲੋਕ।।

ਆਦ ਪੁਰਖ ਤੇ ਸਭ ਡਰਪਾਂਹੀ ਨੈਨ ਨੀਂਦ ਬਿਨੋਵੇ।।
ਜੋ ਕਛੁ ਕਰਣਾ ਸੋ ਕਰ ਰਹਿਆ ਬਹੁਰ ਨਾ ਕਰਣਾ ਹੋਵੈ।।੩੮।।

ਤਿਸਕਾ ਪ੍ਰਮਾਰਥੁ।। ਭਾਈ ਅਜਿਤਿਆ ਸਭ ਕੁਛ ਆਦ ਪੁਰਖ ਕਾ ਕਰਣਾ ਹੋਦਾ ਹੈ।। ਜਿਉਂ ਤਿਸ ਭਾਵੇਗਾ ਤਿਉਂ ਹੀ ਕਰੇਗਾ।। ਇਕ ਸਮਾ ਐਸਾ ਆਵੇਗਾ।। ਭਾਈ ਗੁਰੂ ਕਾ ਦਰਸਨ ਕਰਮਾ ਕਰ ਹੋਵੇਗਾ।। ਤੇ ਗੁਰੂ ਆਪਣੇ ਵੈਰਾਗ ਵਿਚ ਰਹੇਗਾ ਅਤੇ ਸਿਖ ਪੁਤ੍ਰ ਕੋਈ ਨਜ਼ੀਕ ਨਾ ਆਵੇਗਾ।। ਬਚਾ ਬਾਣੀ ਗੁਰੂ ਕੀ ਅਗਮ ਅਗਾਧ ਹੈ।। ਪਰ ਏਹ ਪੰਜਾ ਮਹਿਲਾ ਵਿਚ ਹੋਵੇਂਗੀ।। ਜਾਂ ਪੰਜਵਾਂ ਜਾਮਾ ਗੁਰੂ ਪਾਵੇਗਾ ਤਾਂ ਮੇਹਰ ਹੋਵੇਗੀ ਤਿਸਤੇ ਪਿਛੇ ਗੁਰੂ ਭਾਣੇ ਕਾ ਖਸਮ ਹੋਵੇਗਾ।। ਉਸ ਸਮੇਂ ਹੋਰ ਹੀ ਸਾਗ ਗੁਰੂ ਕਰੇਗਾ।। ਪਰ ਜਦੋਂ ਗੁਰੂ ਨਾਵਾ ਜਾਮਾ ਪਹਿਰੇਗਾ ਅਤੇ ਛੀਵੀ ਪਾਤਸ਼ਾਹੀ ਬਾਬਰ ਕੀ ਹੋਵੇਗੀ।। ਤਿਸ ਸਮੇਂ ਬਚਾ ਅਜਿਤਿਆ ਅਸੀਂ ਆਪਣਾ ਆਪ ਤਜਹਿਗੇ।। ਬਚਾ ਤਿਸ ਸਮੇ ਇਕ ਵਡਾ ਚੋਜ ਵਰਤੇਗਾ।। ।। ਸਲੋਕ।।

ਮਲੇਛ ਜਾਮਾ ਬਹੁਤ ਹੋਇਕੇ ਕਰੇ ਹਿੰਦੂਆਂ ਪਰ ਜੋਰ।।
ਇਕ ਵਰਣ ਸਭ ਸ੍ਰਿਸਟ ਹੋਇ ਵਰਤੇ ਹੋਵੈ ਧੁੰਧੂ ਕੋਰ।।
ਹਿੰਦ ਧਰਮ ਕੇ ਕਾਰਣੇ ਕਰੇਗਾ ਭਾਰੀ ਸਾਂਗ।।
ਨਾਵਾ ਜਾਮਾ ਪਲਟਿ ਕੇ ਦਸਵਾ ਪਹਿਰੇ ਤਾਹੁ।।
ਜੋ ਕਾਰ ਕਰੇ ਸਭ ਜਗਤ ਮੈ ਓਹੀ ਨਾਨਕ ਸਾਹੁ।।
ਸੰਤ ਜਨਾ ਕੇ ਕਾਰਣੇ ਦੁਸਟਾਂ ਮਾਰੇ ਧਾਇ।।੩੯।।

ਤਿਸਕਾ ਪ੍ਰਮਾਰਥੁ।। ਭਾਈ ਅਜਿਤਿਆ ਓਹ ਅਜਿਹਾ ਸਮਾਂ ਆਵੇਗਾ ਜੋ ਮਲੇਛ ਹਿੰਦੂਆ ਪਰ ਬਹੁਤ ਜੋਰ ਕਰਨਗੇ।। ਅਤੇ ਮਲੇਛ ਕਹੇਗਾ ਕੇ ਜਹਾਂ ਤਕ ਮੇਰੀ ਪਾਤਿਸਾਹੀ ਹੈ ਤਹਾਂ ਤੀਕਰ ਹਿੰਦੂ ਸਭ ਏਕ ਵਰਣ ਹੋਇ ਜਾਨ।। ਅਤੇ ਜੋ ਕੋਈ ਹਿੰਦੂਆਂ ਦੇ ਪੀਰ ਹੈਨ ਔਰ ਠਾਕਰ ਦੁਆਰੇ ਤੇ ਤੀਰਥ ਸਭ ਕੋ ਬੰਦ ਕਰ ਲੇਵੇਂਗਾ।। ਤਾਂ ਹਿੰਦੂਆਂ ਕੋ ਕੋਈ ਉਪਾਵ ਹਥਿ ਨਾ ਆਵੇਗਾ।। ਜਹਾਂ ਤੀਕਰ ਹਿੰਦੂ ਹੈਨ ਸਭ ਸੁੰਨ ਹੋਇ ਜਾਵੇਗੇ।। ਤਿਸ ਕਰਕੇ ਸੰਤ ਜਨਾ ਕਉ ਬਹੁਤ ਕਸੀਸ ਪਹੁੰਚੇਗੀ।। ਭਾਈ ਅਜਿਤਿਆ ਤਿਸ ਸਮੇ ਸੰਤਾ ਕੇ ਕਾਰਣ ਔਰ ਗਊ ਬ੍ਰਾਹਮਣਾ ਕੇ ਪਿਛੇ ਗੁਰੂ ਆਪਣੇ ਸੀਸ ਊਪਰ ਭਾਰ ਲੇਵੇਗਾ।। ਤਿਸ

ਅਸਥਾਨ ਆਪਨੀ ਦੇਹੀ ਅਰਪ ਦੇਵੇਗਾ ਅਤੇ ਜੰਞੂ ਟਿਕੇ ਦੀ ਲਾਜ ਰਖ ਲੈਗਾ।। ਅਤੇ ਬਚਾ ਅਜਿਤਿਆ ਸੰਸਾਰ ਐਸਾ ਭੋਲਾ ਹੋਵੇਗਾ ਤਿਸ ਸਮੇਂ ਗੁਰੂ ਕੀ ਨਿੰਦਾ ਕਰਨਗੇ।। ਕਹਿਣਗੇ ਜੇ ਗੁਰੂ ਪਾਸ ਕੁਛ ਹੋਦਾ ਤਾਂ ਆਪਨੇ ਆਪ ਜਾਹਰ ਕਰਦੇ।। ਅਤੇ ਜੋ ਪ੍ਰਤੀਤ ਵਾਲੇ ਸਿਖ ਸੰਤ ਹੋਨਗੇ ਸੋ ਕਹਿਨਗੇ ਧੰਨ ਸਾਡਾ ਸਤਗੁਰੂ ਹੈ।। ਪ੍ਰਮਾਰਥ ਵਾਸਤੇ ਸਤਗੁਰਾਂ ਆਪਣਾ ਆਪ ਤਜ ਦਿਤਾ ਹੈ।। ਬਚਾ ਅਜਿਤਿਆ ਜੇਕਰ ਉਸ ਸਮੇਂ ਗੁਰੂ ਆਪਣੀ ਦੇਹੀ ਨਾਂ ਛੋਡੇਗਾ ਤਾਂ ਜਿਥੋਂ ਤੀਕਰ ਹਿੰਦ ਹੋਵੇਗੀ ਸੋ ਸਭ ਇਕ ਵਰਨ ਹੋ ਜਾਵੇਗੀ।। ਪਰ ਬਚਾ ਸੰਤ ਜਨਾ ਕੇ ਕਾਰਨੇ ਗੁਰੂ ਸੰਸਾਰ ਕੀ ਰਖਿਆ ਕਰੇਗਾ।। ਅਤੇ ਬਚਾ ਫੇਰ ਦਸਵਾਂ ਜਾਮਾ ਅਜਿਹਾ ਪੈਹਰ ਲੈਣੇਗਾ ਜੋ ਜਿਥੇ ਸੰਤਾਂ ਦਾ ਦੋਖੀ ਹੋਵੇਗਾ ਉਸਨੂੰ ਬਾਇ ਮਾਰੇਗਾ।। ਫੇਰ ਨਵਾ ਧਰਮ ਚਲਾਵੇਗਾ।।

।। ਸਲੋਕ ।।

ਬਾਬਾ ਪਹਿਲੇ ਮਹਿਲ ਸੀ ਦਸਵਾ ਪ੍ਰਗਟਸੀ ਆਇ।।
ਜਿਸਨੋ ਬਖਸੇ ਨਾਨਕਾ ਤਿਸਨੋ ਦੇਇ ਬੁਝਾਇ।।੪੦।।

ਤਿਸਕਾ ਪ੍ਰਮਾਰਥੁ।। ਭਾਈ ਅਜਿਤਿਆ ਏਹ ਜੋ ਪਹਿਲਾ ਸਰੂਪ ਹੈ ਸੋ ਦਸਵਾ ਇਸ ਥੀ ਨਿਰਾਲਾ ਹੋਇਗਾ।। ਅਤੇ ਵਿਚ ਵਿਚ ਜੋ ਜਾਮੇ ਪਹਿਰੇਗਾ।। ਸੋ ਸੰਭਮ ਵਿਚ ਰਹੇਗਾ।। ਆਪਣਾ ਆਪ ਸਬਦ ਵਿਚ ਜਾਹਿਰ ਕਰੇਗਾ।। ਪਰ ਦਸਵੇ ਜਾਮੇ ਆਪਣਾ ਆਪ ਜਾਹਰ ਕਰੇਗਾ।। ਅਤੇ ਆਪਣਾ ਪੰਥ ਹਿੰਦੂ ਤੇ ਮੁਸਲਮਾਨਾ ਤੇ ਨਿਆਰਾ ਪ੍ਰਗਟਾਵੇਗਾ।। ਅਤੇ ਇਕ ਵਾਕ ਐਸਾ ਕਰਸੀ ਤਿਸ ਵਾਕ ਸੇ ਸਿਖੀ ਕਾ ਮੂਲ ਬਧੇਗਾ।। ਪਰ ਸੁੰਨ ਹੀ ਰਹੇਗਾ।। ਅਤੇ ਦਰਸਨ ਅਵਿਹਾ ਹੋਇਆ ਜੈਸਾ ਕਰੜੀ ਕਮਾਨ ਦਾ ਤੀਰ ਹੋਦਾ ਹੈ ਔਰ ਜੋ ਮਸਤਕ ਨਵੇਗਾ ਸੋ ਉਸਦਾ ਉਧਾਰ ਹੋ ਜਾਵੇਗਾ ਅਤੇ ਜੋ ਕੋਈ ਉਸਦੇ ਵਚਨ ਪਰ ਮੁਹਕਮ ਰਹੇਗਾ ਨਾ ਤਰਿਸਿ ਘਣੀ ਜਾਵੇਗੀ ਅਵੇਹਾ ਖੜਗ ਕਰੜਾ ਕਰੇਗਾ ਜੋ ਸਨਮੁਖ ਕੋਈ ਖੜਾ ਨਾ ਹੋਇ ਸਕੇਗਾ।। ਹੇ ਭਾਈ ਅਜਿਤਿਆ ਉਸ ਸਮੇਂ ਅਵੇਹਾ ਹੋਵੇਗਾ ਕੇ ਕੋਈ ਆਪਣੇ ਗੁਰ ਪੀਰ ਕਉ ਨਾ ਜਾਣੇਗਾ ਸੁਤਾ ਦੇਵੇਗਾ ਅਤੇ ਆਪੇ ਆਪਣੇ ਮਾਰਗ ਚਲੇਗਾ।। ਤੇ ਗੁਰੂ ਅਵੇਹਾ ਹੋਇ ਬੈਠੇਗਾ ਜੋ ਆਪਣੀ ਕਲਾ ਰਖੇਗਾ ਤਾਂ ਉਸ ਸਮੇਂ ਸਿਖ ਅਰਦਾਸ ਕਰਨਗੇ।। ਸਲੋਕ।।

ਇੰਦ੍ਰਾਦਕ ਬ੍ਰਹਮਾਦਕਾ ਭਗਤਾਂ ਕੇ ਅਵਤਾਰ।।
ਹਾਥ ਜੋੜ ਬਿਨਤੀ ਕਰਹਿ ਠਾਢੇ ਆਇ ਦੁਆਰ।।
ਸੁੰਨ ਮੰਡਲ ਕੇ ਕਾਰਣੇ ਹਰਿ ਏਹ ਕਰਹੁ ਬੀਚਾਰ।।
ਜਾਮਾ ਰਖੇ ਅੰਕ ਕਾ ਨਾਨਕ ਮੁਕਤ ਪਾਏ ਸੰਸਾਰ।। ੪੧ ।।

ਤਿਸਕਾ ਪ੍ਰਮਾਰਥੁ।। ਬਚਾ ਸਿਖ ਅਰਦਾਸ ਕਰਨਗੇ।। ਇੰਦ੍ਰਾਦਕ ਸਨੰਕਾਦਕ ਭਗਤਿ ਜਨਾ ਕੇ ਅਉਤਾਰ ਓਹ ਹਥ ਜੋੜ ਕਰ ਅਰਦਾਸ ਕਰਨਗੇ।। ਚੰਦ ਸੂਰਜ ਅਕਾਸ ਪਉਣ ਪਾਣੀ ਏਹ ਸਤਿਗੁਰੂ ਪਾਸ ਗੁਪਤਿ ਅਰਦਾਸ ਕਰਨਗੇ।। ਜੋ ਹੇ ਪਾਰਬ੍ਰਹਮ ਜੀ ਏ ਮੰਡਲ ਬਿਨਾਂ ਤੇਰੀ ਜੋਤਿ ਸੁੰਨ ਹੋਇ ਜਾਵੇਗੀ ਤੇ ਗੁਰੂ ਕੇ ਸਬਦ ਬਿਨਾ ਮੰਡਲ ਖਾਲੀ ਰਹੇਗਾ ।। ਸੰਸਾਰ ਸਭ ਭ੍ਰਿਸਟ ਹੋਇ ਜਾਵੇਗਾ।। ਭਾਈ ਜਿਤਨਾ ਚਿਰ ਗੁਰੂ ਵਰਤੇਗਾ ਤਿਚਰ ਸੰਸਾਰ ਮੋ ਭਉ ਹੋਇਗਾ ਭਾਈ ਬਿਨਾਂ ਸਤਗੁਰੂ ਕੇ ਜਾਮੇ ਤੇ ਬਗੈਰ ਭਾਉ ਭਗਤਿ ਨਹੀਂ ਹੋਇਗੀ।। ਅਤੇ ਬਿਨਾਂ ਭਾਉ ਭਗਤ ਹਮ ਕਿਉ ਕਰ ਰਹੇਗੇ।। ਅਤੇ ਸੰਸਾਰ ਮੋ ਕਿਉ ਕਰ ਕੋਈ ਮੋਖ ਪਾਵੇਗਾ।। ਅਤੇ ਕਿਉ ਕਰ ਕੋਈ ਪਾਰਗਾਮੀ ਹੋਵੇਗਾ।। ਬਿਨਾ ਤੇਰੇ ਹੇ ਸਚੇ ਪਾਤਸਾਹ ਜਬ ਤੇ ਬੋਧ

ਭੂਪ ਕੀਤਾ ਸਬਦ ਨਾਲੋਂ ਫਿਰ ਖਲੋਣਗੇ।। ਕੋਈ ਕਿਸ ਕਉ ਸਦੇਗਾ ਨਹੀ ਸਭ ਆਪਣੇ ਮਤ ਮੈ ਚਲਣਗੇ।। ਕੋਈ ਐਸਾ ਜਬਾਬ ਹੋਵੇ ਜੋ ਕਲੀ ਕਾਲ ਮੇ ਮੋਖ ਪ੍ਰਾਪਤ ਹੋਵੇ ਜੀ।।ਬਚਾ ਅਜਿਤਿਆ ਜਬ ਏਹ ਅਰਦਾਸ ਸਿਖ ਕਰਨਗੇ ਤਾ ਉਨਾਂ ਦੇ ਵਾਸਤੇ ਇਕ ਰੰਕ ਦੀਵਾਨ ਲਗੇਗਾ ਇਕ ਇਤ ਮਹਲ ਗੁਰੂ ਹੋਇ ਬੈਠੇਗਾ।। ਜੋ ਕੋਈ ਉਤ ਵਕਤ ਦਰਸਨ ਕਰੇਗਾ ਸੋ ਨਿਹਾਲ ਹੋਵੇਗਾ।। ਅਤੇ ਜਨਮ ਮਰਨ ਥੀ ਰਹਤ ਹੋਵੇਗਾ।। ਅਤੇ ਬਚਾ ਗੁਰੂ ਸੰਜਮ ਐਸਾ ਇਕ ਕਰੇਗਾ।। ਸਿਖੀ ਕਾ ਬੀਜ ਰਖ ਜਾਵਨਗੇ।। ਅਤੇ ਬਚਾ ਜੇਕਰ ਗੁਰੂ ਐਨਾਂ ਭਗਤਾ ਸਿਖਾ ਕੀ ਅਰਦਾਸ ਨ ਸੁਣਦਾ ਤਾ ਜਿਥੋਂ ਤੀਕਰ ਨਉਖੰਡ ਪ੍ਰਿਥਮੀ ਹੈ ਸੀ ਸੋ ਸਭ ਭ੍ਰਸਟ ਹੋਇ ਜਾਤੀ।। ਇਹ ਪਉਣ ਪਾਣੀ ਧਰਤੀ ਅਕਾਸ ਚੰਦ ਸੂਰਜ ਤਿਚਰ ਤਾਈ ਕਾਇਮ ਹੈਨ ਜਿਤਨਾ ਚਿਰ ਗੁਰੂ ਹੈ।। ਨਾਹੀ ਤਾਂ ਏਹ ਭੀ ਠਹਰਨਗੇ ਨਾਹੀ।। ਪਰ ਬਚਾ ਤੁਰਕਾਇਣ ਬਹੁਤ ਪਿਛਾ ਕਰਨਿਗੇ।। ਸਤਗੁਰਾ ਕਾ ਪਰ ਗੁਰੂ ਉਨ ਕਉ ਮਿਲਣਗੇ ਨਾਹੀ।।

ਬੋਲਹੁ ਭਾਈ ਜੀ ਵਾਹਿਗੁਰੂ।। ਤਾ ਅਜਿਤੇ ਅਰਦਾਸ ਕੀਤੀ ਜੀ ਸਚੇ ਪਾਤਿਸਾਹੁ ਜੀ ਇਕ ਵਿਸਵਾਸ ਮੇਰੇ ਮਨ ਵਿਚ ਹੈ ਕਿਉਂਕੇ ਆਪਕਾ ਬੋਲਣਾ ਹੋਇਆ ਸੀ ਜੋ ਬਾਬਰ ਮੇਰਾ ਭਗਤ ਹੈ ਅਤੇ ਭਗਤੀ ਕਰਕੇ ਪਾਤਸਾਹੀ ਲਈ ਹੈਸੁ।। ਹੇ ਸਚੇ ਪਾਤਿਸਾਹੁ ਜੀ ਏਹੁ ਆਪਕਾ ਹੀ ਸਿਖ ਹੋਇ ਕਰ ਅਤੇ ਆਪ ਕੇ ਹੀ ਪਿਛਾ ਕਰੇਗਾ ਹੇ ਗਰੀਬ ਨਿਵਾਜ ਜੀ ਮੇਰੀ ਇਹ ਭੀ ਨਿਸਾ ਕਰੋ ਜੀ।। ਜੋ ਕਿਉ ਕਰ ਪਾਤਸਾਹੀ ਬਾਬਰ ਕੌ ਬਖਸੀ ਜੀ।। ਤਾਂ ਸ੍ਰੀ ਗੁਰੂ ਜੀ ਨੇ ਸਲੋਕ ਉਚਾਰਿਆ ।। ।।ਸਲੋਕ।।

ਬਾਬਰ ਧਾਣਾ ਕਾਬਲੋਂ ਆਇਆ ਹਿੰਦੁਸਤਾਨ।।
ਪਹਿਲੋ ਮਾਰਿਆ ਸੈਦਪੁਰ ਬਹੁਤ ਕੋਈ ਕਤਲਾਂਮੁ।।
ਰਹਿਲੇ ਬੰਦੀ ਕੀਤਿਓਸ ਸਉਪਿ ਫੇਰ ਸੈਤਾਨ।।
ਅਗੋ ਦੇ ਜੇ ਚੇਤੀਐ ਤਾਂ ਕਿਉ ਹੋਈਐ ਪਰਸਾਂਨ।।
ਗੁਰੂ ਦੇਖਿ ਨ ਸਕਿਆ ਬੰਦਿ ਕੌ ਬਹੁਤ ਮਿਲੇ ਸਜਾਇ।।
ਬਾਬਰ ਕੌ ਫੁਰਮਾਇਆ ਸਭ ਬੰਦੀ ਦੇਇ ਛੁਡਾਇ।।
ਬਾਬਰ ਚਰਣੀ ਢਹਿ ਪਿਆ ਮੁਝ ਕਉ ਕਰੇ ਦੁਆਇ।।
ਪਾਤਿਸਾਹੀ ਚਿਰ ਤਾਂਈ ਕਰਹੁ ਫੇਰ ਨ ਕਾਹੂ ਜਾਇ।।
ਬਾਬਰ ਕੀ ਬੇਨਤੀ ਸੁਨੀ ਸਤਿਗੁਰ ਭਏ ਦਇਆਲੁ।।
ਪਾਤਿਸਾਹੀ ਚਿਰ ਤੀਕਰ ਦਿਤੀਅਨੁ ਨਾਨਕ ਨਦਰ ਨਿਹਾਲੁ।। ੪੨ ।।

ਤਿਸਕਾ ਪ੍ਰਮਾਰਥੁ।। ਭਾਈ ਅਜਿਤਿਆ ਜਾਂ ਪਹਿਲੇ ਬਾਬਰ ਕਾਬਲੋਂ ਆਇਆ ਹੈਸੀ ਤਾਂ ਪਹਿਲਾ ਹਿੰਦੁਸਤਾਨ ਮਾਰਿਆ।। ਤਿਸ ਸਮੇਂ ਗੁਰੂ ਸੈਦਪੁਰ ਵਿਚ ਆਹਾ ਅਤੇ ਸੈਦਪੁਰ ਦੇ ਲੋਕ ਬਹੁਤ ਨਿਰਦਏ ਆਹੇ ਪੀਰ ਫਕੀਰ ਕਉ ਜਾਣਦੇ ਭੀ ਨਾਹੀ।। ਤਾ ਗੁਰੂ ਕੇ ਹੁਕਮ ਨਾਲ ਓਹ ਮਾਰੇ ਗਏ।। ਅਤੇ ਕੁਲ ਬੰਦ ਕੀਤਿਓਸ।। ਤਾ ਭਾਈ ਅਜਿਤਿਆ ਓਨਾ ਬੰਦੀਵਾਨਾ ਕਉ ਦੇਖ ਕਰ ਗੁਰੂ ਕਉ ਤਰਸ ਆਇਆ ਤਾਂ ਸ੍ਰੀ ਗੁਰੂ ਨੇ ਸਬਦ ਵਿਚ ਬਾਬਰ ਕਉ ਬੁਲਾਇਆ ਤਾਂ ਬਾਬਰ ਸਬਦ ਸੁਨਕਰ ਸ੍ਰੀ ਗੁਰੂ ਬਾਬੇ ਕੇ ਪਾਸ ਆਇਆ ਤਾਂ ਸ੍ਰੀ ਗੁਰੂ ਜੀ ਬਾਬਰ ਦੇ ਮਨ ਵਿਚ ਭਉ ਪਾਇਆ ਤਾ ਲਗਾ ਕਹਿਣ ਹੇ ਗਰੀਬ ਨਿਵਾਜ ਜੀ ਮੇਰੇ ਉਪਰ ਮੇਹਰਬਾਨੀ ਕਰੋ ਤਾ ਬਚਨ ਹੋਇਆ ਕੇ ਤੇਰੇ ਉਪਰ ਬਹੁਤ ਖੁਸ਼ੀ ਹੋਈ ਹੈ ਪਰ ਏਹੁ ਬੰਦੀਆਂ ਪਠਾਣਾਂ ਦੀਆਂ ਛੋਡ ਦੇਹੁ।। ਤਾਂ ਕਹਿਣੇ ਲਗਾ ਜੀ ਬੰਦੀਵਾਣ ਤਾਂ ਮੈ ਛਡਦਾ ਹਾਂ ਜੇ ਮੇਰਾ ਰਾਜ ਚਿਰ

ਰਹੇ ਤਾਂ।। ਭਾਈ ਅਜਿਤਿਆ ਤਗਤ ਚਿਰ ਤੀਕਰ ਪਾਤਿਸਾਹੀ ਕਰਦਾ ਹੈ।। ਪਰ ਭਾਈ ਅਜਿਤਿਆ ਪਿਛੋਂ ਮਹਿਲਾਂ ਨਾਲ ਬਾਬਰ ਕੀ ਉਲਾਦ ਅੜਦੀ ਰਹੇਗੀ।। ਜਿਤਨਾ ਚਿਰ ਏਨਾਂ ਦਾ ਅਮਨ ਰਹੇਗਾ ਅਤੇ ਭਾਈ ਤਿਸ ਤੋ ਪਿਛੋਂ ਗੁਰੂ ਜਿਸਨੋ ਚਾਹੇ ਸੋ ਬਖਸੇਗਾ।।ਜਾ ਗੁਰੂ ਚੰਦ੍ਰਾਵਲ ਖੇੜੇ ਨਿਵਾਸ ਕਰੇਗਾ ਤਾਂ ਬਾਬਰ ਦੀ ਉਲਾਦ ਸਿਖ ਹੋਵੇਗੀ ਅਤੇ ਵਿਚ ਵਿਚ ਅੜਦੇ ਹੀ ਰਹਿਨਗੇ।। ਤਪ ਗੁਰੂ ਓਨਾਂ ਉਪਰ ਦਇਆਲ ਹੋਵੇਗੀ ਅਤੇ ਜੇਹੜੇ ਜੇਹੜੇ ਗੁਰੂ ਪਾਸੋਂ ਮੁਹ ਫੇਰਨਗੇ ਉਨਾਂ ਨੂੰ ਬਾਬਰ ਕੇ ਸਿਧੇ ਕਰਨਗੇ ਅਤੇ ਜੋ ਗੁਰੂ ਕੇ ਵਚਨਾ ਉਪਰ ਚਲਨਗੇ ਉਨ ਕੇ ਨੇੜੇ ਜਮ ਬੀ ਨਾ ਆਇ ਸਕੇਗਾ।। ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸਾਹੁ ਜਦ ਨਾਵਾ ਗੁਰੂ ਹੋਵੇਗਾ ਤਿਸ ਤੋਂ ਅਗੇ ਹੀ ਹੋਵੇਗਾ ਕੇ ਪਿਛੋਂ ਹੋਗਾ।। ਤਾਂ ਬਚਨ ਹੋਇਆ।। ।।ਸਲੋਕ।।

ਦਸ ਜਾਮਾ ਪਹਿਰ ਕਰ ਵਰਤੇ ਧੁੰਧੂਕਾਰ।।
ਭਾਰੀ ਸਾਗ ਵਰਤਦਾ ਫਿਰ ਜਾਸੀ ਸੰਸਾਰ।।
ਮਨਿ ਹੁਕਮ ਸੋ ਬਖਸੀਐਨ ਤਰ ਹੋਇ ਖੁਆਰ।।
ਨਾਨਕ ਸਚਾ ਪਾਤਿਸਾਹੁ ਕਿਨੇ ਨ ਪਾਇਓ ਪਾਰ।। ੪੩ ।।

ਤਿਸਕਾ ਪ੍ਰਮਾਰਥੁ।। ਭਾਈ ਅਜਿਤਿਆ ਗੁਰੂ ਜਦ ਦਸਵਾ ਜਾਮਾ ਹੋਵੇਗਾ।। ਤਾਂ ਜਗਤ ਵਿਖੇ ਰੌਲਾ ਬਹੁਤ ਹੋਇ ਜਾਵੇਗਾ ਤਾਂ ਭਾਈ ਗੁਰੂ ਅਜਿਤਿਆ ਵਿਹਾਰ ਬੰਨੇਗਾ ਜੋ ਸੁਣ ਸੁਣ ਖੋਟੇ ਆਦਮੀ ਬਹੁਤ ਡਰਨਗੇ ।। ਅਤੇ ਆਪਣੇ ਸਿੱਖ ਸੰਸਾਰ ਵਿਚੋਂ ਚੁਣ ਕਢੇਗਾ ਜਿਉ ਰੇਤ ਵਿਚੋਂ ਸੁਇਨੇ ਦੇ ਕਿਣਕੇ ਚੁਣ ਕੇ ਕਢ ਲਈਦੇ ਹੈਨ ਜੈਸੇ ਦੁਧ ਵਿਚੋਂ ਘਿਉ ਨਿਕਾਲ ਲਈ ਦਾ ਹੈ ਤਿਉ ਆਪਣੇ ਸਿਖ ਸਤਿ ਸੰਸਾਰ ਵਿਚੋ ਨਿਆਰੇ ਕਰ ਲੇਵੇਗਾ।। ਅਤੇ ਬਚਨ ਅਜਿਖਾ ਕਰੜਾ ਰਖੇਗਾ।। ਜਿਸਨੋ ਸੁਣ ਕਰ ਪਾਂਬਰਾ ਲੋਕਾਂ ਸੋ ਤੁਟ ਜਾਵੇਗੇ।। ਅਤੇ ਜੋ ਉਸਕੇ ਬਚਨੋ ਪਰ ਤਕੜਾ ਰਹੇਗਾ ਤਿਸਕੋ ਆਪਣਾ ਸਬਦ ਦੇਵੇਗਾ ਅਤੇ ਜੋ ਨਵਾਂ ਮਹਿਲਾਂ ਬੀ ਸਿਖ ਪਿ ਪਿਛੇ ਰਹੇਗਾ।। ਤਿਸਕੋ ਭੁਲਾਵੇਗਾ।।ਅਤੇ ਕੋਈ ਵਿਰਲਾ ਹੀ ਰਹੇਗਾ ਜਿਸਕੇ ਅੰਦਰ ਗੁਰੂ ਕਾ ਸਬਦ ਵਸੇਗਾ।।

[ਜਿਸ ਕੇ ਅੰਦਰ ਗੁਰੂ ਦਾ ਸਬਦ ਵਸੇਗਾ।। ਅਤੇ ਬੀਜ ਮੰਤ੍ਰ ਕੇ ਵਾਸਤੇ ਜਿਨਾ ਹੁਕਮ ਮੰਨਿਆ ਹੋਵੇਗਾ ਸੋ ਅਰਦਾਸ ਕਰਨਗੇ ਜੀ ਪਾਤਿਸਾਹ ਤੇਰੇ ਸਿਖ ਹੈਨ ਤੇਰਾ ਹੀ ਨਾਂਮ ਜਪਦੇ ਹੈਨ ਆਪਣੇ ਨਾਮ ਕੀ ਟੇਕ ਰਖਣੀ।। ਜਾਂ ਏਹੁ ਅਰਦਾਸ ਸਿਰ ਕਰਨਗੇ ਤਾ ਉਨਾ ਸਿਖਾ ਪਰ ਬਹੁਤ ਖੁਸ਼ੀ ਹੋਵੇਗਾ।। ਅਤੇ ਆਖੇਗਾ ਬਚਾ ਮੇਰੇ ਬਚਨਾ ਉਪਰ ਪਹਰਾ ਦੇਵੇਗਾ ਜੋ ਨਿਹਾਲ ਹੋਵੇਗਾ ਅਤੇ ਜੋ ਮੇਰਾ ਵਚਨ ਮਨੇਗਾ ਸੋ ਟੂਟਾ ਹੂਆ ਫੇਰ ਗੁਰੂ ਭਾਵੇ ਤਾ ਮਿਲੇਗਾ।। ਅਤੇ ਜੋ ਮੇਰਾ ਸਿਖ ਹੋਵੇਗਾ ਸੋ ਮੇਰਾ ਹੁਕਮ ਮਨੇਗਾ ਅਤੇ ਪੂਰਨ ਮੇਲੇ ਜਾਵੇਗੇ ਅਤੇ ਜੋ ਸਤਗੁਰੂ ਕਾ ਜਾਮਾ ਹੈ ਸੋ ਸੰਸਾਰ ਜੋ ਹੈ ਸੁਭ ਉਜਲ ਹੈ ਜਿਉਂ ਸਮੁੰਦ੍ਰ ਕਾ ਪਾਣੀ ਖਾਰਾ ਹੈ ਤਿਉ ਸੰਸਾਰ ਪਾਪਾਂ ਕਾ ਕਾਰਣ ਹੈ ਅਤੇ ਜੋ ਗੁਰੂ ਕੇ ਜਹਾਜ ਪਰ ਚੜ੍ਹੇਗਾ ਸੋ ਭਉਜਲੁ ਸੇ ਪਾਰ ਲੰਘੇਗਾ।।ਅਤੇ ਜੋ ਬੇਮੁਖ ਹੋਵੇਗਾ ਸੋ ਜਹਾਜ ਪਰ ਚੜਨਾ ਪਾਵੇਗਾ ਸੋ ਭਉਜਲ ਮਹਿ ਗੋਤੇ ਖਾਵੇਗਾ।। ਅਤੇ ਜੋਨੀ ਮੈ ਭਰਮੇਗਾ ਅਤੇ ਦਸਵਾਂ ਜਾਮਾ ਜੋ ਹੈ ਸੋ ਉਸ ਜਹਾਜ ਪਰ ਕੋਈ ਨਾ ਚੜੇਗਾ ਤੇ ਨਾ ਚੜ ਨਾ ਪਾਵੇਗਾ ਅਤੇਦੀਵਾਨ ਜੋ ਹੈ ਸੁ ਪੁਰਜਾ ਹੋਇ ਲਗੇਗਾ।। ਪੁਰਜਾ ਕੀ ਹੈ ਜੋ ਇਕ ਮਣ ਚੀਜ ਹੋਦੀ ਹੈ ਅਤੇ ਸੇਰ ਦ੍ਰਿਸਟੀ ਆਉਂਦੀ ਹੈ ਤਿਸਕੀ ਨਿਆਈ ਜਾ ਹਰ ਜਾਣੀਐਗਾ ਨਾਹੀ।। ਅਤੇ ਪੁਰਜੇ ਕੀ ਨਿਆਈ ਕੋਈ ਵਿਰਲਾ ਹੀ ਸਿਖ ਰਹੇਗਾ।। ਹੋਰ ਸਭ ਭੁਲ ਜਾਵੇਗੀ।। ਉਤੇ ਵਖਤ ਧੁੰਧੂਕਾਰ ਵਰਤ ਜਾਵੇਗਾ।। ਅਤੇ ਲੋਹੇ ਕੀ ਪੂਜਾ ਬਹੁਤ ਹੋਵੇਗੀ ਤੇ ਸੰਸਾਰ ਭੁਲ ਕਰ ਕੁਰਾਹ ਪੈ ਜਾਵੇਗਾ ਉਨ [illegible]

ਬਹੁਤ ਹੋਵੇਗਾ ਅਤੇ ਹਿੰਦੂਆਂ ਦਾ ਤੇਜ ਘਟ ਜਾਵੇ ਗਾ … ਫੇਰ ਗੁਰੂ ਹਿੰਦੂ ਤੇ ਮੁਸਲਮਾਨਾ ਵਿਚੋਂ ਨਿਆਰਾ ਹੋਵੇਗਾ।। ਜੋ ਦਰਸਨ ਕਰੇਗਾ ਸੋ ਨਿਹਾਲ ਹੋਵੇਗਾ।। ਇਕ ਐਸੇ ਲੋਕ ਹੋਣਗੇ ਸੋ ਗੁਰੂ ਪਾਸੋਂ ਕਰਾਮਾਤ ਮੰਗਣਗੇ ਤੇ ਕਹਿਣਗੇ ਕੇ ਆਪ ਸਾਨੂੰ ਕੁਛ ਵੇਖਾਲੋ ਤਾਂ ਅਸੀ ਪ੍ਰਤੀਤ ਕਰਾਂਗੇ।। ਭਾਈ ਅਜਿਤਿਆ ਕਰਾਮਾਤ ਨਾਮ ਕਹਰ ਦਾ ਨਾਉ ਹੈ।। ਦੁਨੀਆ ਫਕੀਰਾਂ ਪਾਸੋਂ ਕਹਰ ਮੰਗਦੀ ਹੈ।। ਇਸੇ ਕਰਕੇ ਸੰਸਾਰ ਮੈ ਪਰਲੋ ਆਵੇਗੀ।। ਉਸ ਪਰਲੋ ਵਿਚ ਕਈ ਲਹਿ ਜਾਵੇਗੀ।। ਅਤੇ ਭਾਈ ਅਜਿਤਿਆ ਗੁਰੂ ਦੇ ਘਰਿ ਵਿਚ ਮਿਹਰ ਹੈ ਅਤੇ ਜਿਧਰ ਗੁਰੂ ਨਜਰ ਕਰਦਾ ਹੈ ਤਿਧਰ ਹੀ ਅੰਮ੍ਰਿਤ ਵਸਦਾ ਹੈ ਸਭ ਪੈਦਾਇਸ ਗੁਰੂ ਕੀ ਹੈ ਗੁਰੂ ਆਪਣੇ ਉਪਰ ਭਾਰ ਲੈਦਾ ਹੈ ਅਤੇ ਸ੍ਰਿਸਟ ਕਾ ਭਲਾ ਕਰਦਾ ਹੈ।। ਅਤੇ ਇਕ ਤਪ ਜੁਹਦ ਕਰਕੇ ਇਕ ਰਤੀ ਦਰਗਾਹੋ ਲੈਂਦੇ ਹੈਨਿ।। ਜੇ ਉਸ ਰਤੀ ਕੋ ਵਰਤਾਉਨ ਤਾਂ ਉਨਾਂ ਪਿਛੇ ਕਈ ਲੰਘ ਜਾਵੇ।। ਪਰ ਉਨਕੇ ਉਸ ਰਤੀ ਕਾ ਪਾਰ ਨਹੀਂ ਆਉਂਦਾ।। ਅਤੇ ਓਹ ਦੁਨੀਆਂ ਕੇ … ਲਭ ਕਰ ਆਪਣਾ ਆਪ ਜਾਹਰ ਕਰਦੇ ਹਨ।। ਤਿਸ ਕਰਕੇ ਉਨਾ ਦੀ ਅਗਲੀ ਪਿਛਲੀ ਕਮਾਈ ਸਭ ਜਾਂਦੀ ਹੈ।। ਓਹ ਆਪਣੀ ਘਾਲ ਇਕ ਥਾਂਈ ਖਾਇ ਜਾਂਦੇ ਹੈਨ।। ਅਗੇ ਦਰਗਾਹ ਸੇ ਬੇਮੁਖ ਹੋ ਜਾਂਦੇ ਹੈਨ।। ਅਤੇ ਦਸਵੇਂ ਗੁਰੂ ਕਾ ਏਹੁ ਚਾਲਾ ਹੋਵੇਗਾ ਜੋ ਸਉ ਮਣ ਵਸਤ ਹੋਵੇਗੀ ਤਾਂ ਇਸ ਸੰਸਾਰ ਵਿਚ ਪਾਇਕ ਜਾਹਿਰ ਹੋਵੇਗੀ।। ਸੋ ਭੀ ਏਹੋ ਜੇਹੀ ਭੀੜ ਪਉਸੀ ਗੁਰੂ ਕੇ ਘਰ ਵਿਚ ਦੋਵੇ ਗਲਾ ਹੈਨ।। ਇਕ ਮਿਹਰ ਹੈ ਤੇ ਇਕ ਕਹਰ ਹੈ ਮੇਹਰ ਤਾ ਸਬਦ ਹੈ ਅਤੇ ਕਹਰ ਗਰਬ ਹੈ।। ਜੇਹੀ ਕੋਈ ਭਾਵਨਾ ਕਰੇਗਾ ਤੇਹਾ ਫਲ ਪ੍ਰਾਪਤ ਹੋਵੇਗਾ।। ਅਤੇ ਬਡਾ ਐਸਾ ਸਮਾ ਆਵੇਗਾ ਕੇ ਸਬਦ ਕੋ ਖੋਜਣੇ ਵਾਲੇ ਕੋਈ ਕੋਈ ਹੋਵੇਗਾ ਕੋਟਾਂ ਬੀਚੀ।। ਨਹੀ ਤਾ ਪਸੂ ਕੀ ਨਿਆਈ ਹੋਇ ਜਾਵੇਗੇ ਪਰ ਭਾਈ ਜਿਨ ਕਉ ਗੁਰੂ ਕਾ ਨਾਮ ਯਾਦ ਰਹੇਗਾ ਤਿਨ ਕੋ ਹਰ ਵਕਤ ਮੁਕਤ ਕਰੇਗਾ।। ਅਤੇ ਜੇ ਕੋਈ ਧੁੰਧ ਧੁੰਧੂਕਾਰ ਵਿਚ ਦ੍ਰਿੜ ਰਹੇਗਾ ਨਾ ਤਰ ਜਿਥੋਂ ਕਢੇ ਹੈਨਿ ਫੇਰ ਤਿਥਾਈ ਪਾਏ ਜਾਣਗੇ।। … ਤਾਂ ਫੇਰ ਅਜਿਤੈ ਰੰਧਾਵੇ ਅਰਦਾਸ ਕੀਤੀ ਕੇ ਹੇ ਸਚੇ ਪਾਤਿਸਾਹ ਜੀ ਆਪਣੇ ਬਚਨ ਕੀਤਾ ਹੈ ਕੇ ਦਸਵੇਂ ਗੁਰੂ ਜੀ ਕੇ ਵਕਤ ਓਹ ਜੋ ਛਿਨਵੇ ਕਰੋੜੀ ਨਰਕ ਸੇ ਨਿਕਾਲੇ ਹੈਨ ਫੇਰ ਉਥਾਂਈ ਹੀ ਪਾਏ ਜਾਵੇਗੇ।। ਅਤੇ ਹੇ ਦੀਨ ਦਿਆਲ ਜੀ ਆਪ ਕਾ ਹੀ ਬਚਨ ਹੈ ਕੇ ਜੋ ਮੇਰੇ ਮੰਤ੍ਰ ਪੜਨਗੇ ਸੋ ਆਵਾਗਉਣ ਤੇ ਮੁਕਤ ਕੋ ਪ੍ਰਾਪਤ ਹੋਵਨਗੇ।। ਹੇ ਮਹਾਂਰਾਜ ਜੀ ਏਹ ਗਲ ਕੀਕਰ ਹੈ ਜੀ ਮੇਹਰਬਾਨੀ ਕਰਕੇ ਮੇਰਾ ਸੰਸਾ ਨਵਰਤ ਕਰਹੁ ਜੀ।। ਤਾਂ ਬਚਨ ਹੋਇਆ।। ਸਲੋਕ।।

ਸਾਧੂ ਬਚਨ ਨਾ ਮਿਟਈ ਜੇ ਸਉ ਜਤਨ ਕਮਾਇ।।
ਸੂਈ ਕਾ ਕੰਡਾ ਕਰੇ ਸਤਗੁਰ ਲਏ ਛੁਡਾਇ।।
ਸਉ ਪਾਪੀ ਕਾ ਫੇੜਿਆ ਇਕ ਨਿੰਦਕ ਕੇ ਸਿਰ ਭਾਰ।।
ਨਾਨਕ ਲੇਖ ਨਾ ਮਿਟਈ ਜੋ ਲਿਖਿਆ ਕਰਤਾਰ।। ੪੪ ।।

ਤਿਸਕਾ ਪ੍ਰਮਾਰਥ।। ਭਾਈ ਅਜਿਤਿਆ ਜੋ ਗੁਰੂ ਬਚਨ ਕੀਤਾ ਹੈ ਸੋ ਸਤ ਸਚ ਹੈ।। ਕਿਉਂ ਜੋ ਜੈਸੇ ਕੋਈ ਰਾਤ ਕਾ ਭੁਲਿਆ ਹੋਇਆ ਜੇਕਰ ਦਿਨੇ ਘਰ ਆਇ ਵੜੇ ਤਾਂ ਉਸਨੋ ਕੋਈ ਦੋਖ ਨਹੀਂ ਲਗਾਇਆ ਜਾਤਾ ਤਿਸਨੋ ਵੜਨੇ ਦੇਵੇ ਅਤੇ ਜੇ ਕੋਈ ਮੇਰਾ ਸਿਖ ਹੋਵੇਗਾ ਸੋ ਤੁਟੇ ਕੋ ਮੇਲ ਲਏਗਾ ਅਤੇ ਜੇ ਨਾ ਮੇਲੇ ਤਾਂ ਸੰਸਾਰ ਮੈ ਨਿੰਦਿਆ ਹੋਵੇਗੀ ਅਤੇ ਜੋ ਕੋਈ ਗੁਰਾ ਦੇ ਬਚਨਾਂ ਉਪਰ ਚਲਨਗੇ ਤਿਨਾਂ ਦੇ ਬਾਝ ਨਿਗੁਰੇ ਨਿਗੁਰੇ ਬੁਰੀ ਕਰਨਗੇ ਅਤੇ ਜੇ ਕੋਈ ਨਿੰਦਕ ਗੁਰੂ ਕੀ ਸੰਗਤ ਕੀ ਨਿੰਦਿਆ ਕਰੇਗਾ ਸੋ ਨਰਕ ਗਾਮੀ ਹੋਵੇ ਗਾ

ਜੇ ਸਉ ਪਾਪਾ ਇਕ ਸਿਖ ਕੀਤਾ ਹੋਵੇਗਾ ਅਤੇ ਦੂਸਰਾ ਸਿਖ ਉਸਦੀ ਨਿੰਦਿਆ ਕਰੇ ਤੇ ਉਸਦੀ ਸਭ ਬਲਾਇ ਉਸਦੇ ਸਿਰ ਪਵੇਗਾ।। ਅਤੇ ਉਸ ਸਿਖ ਕਉ ਕੁੰਭੀ ਨਰਕ ਪਾਵਨਗੇ।। ਅਤੇ ਜੋ ਗੁਰੂ ਕੇ ਬਚਨਾ ਉਪਰ ਚਲੇਗਾ ਉਸਨੂੰ ਸੂਲੀ ਕਾ ਕੰਡਾ ਹੋ ਜਾਵੇਗਾ।। ਅਤੇ ਜੋ ਕੋਈ ਸਿਖ ਹੋਕੇ ਬਿਸਿਦਕ ਹੋਵੇ ਗਾ ਤਾਂ ਓਹ ਬੀ ਨਰਕਗਾਮੀ ਹੋਵੇਗਾ।। ਅਤੇ ਜੇ ਕੋਈ ਸਿਖ ਭੁਲਾ ਹੋਇਆ ਤਾਂ ਫੇਰ ਸਰਨੀ ਪਵੇ ਤਾਂ ਫੇਰ ਉਸਨੂੰ ਗੁਰੂ ਬਖਸੇਗਾ।। ਪਰ ਨਿੰਦਿਆ ਸਿਖ ਦੀ ਸਿਖ ਨੂੰ ਕਰਨੀ ਬਹੁਤ ਬੁਰੀ ਹੈ।। ਏਹ ਸਾਧ ਬਚਨ ਫਿਰਤੇ ਨਾਹੀ।। ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸਾਹੁ ਜੀ ਇਨਾ ਜੀਵਾਂ ਦੇ ਕੀ ਵਸ ਹੈ ਜਿਉ ਜਿਉ ਤੇਰਾ ਭਾਣਾ ਹੈ ਤਿਵੇਂ ਤਿਵੇਂ ਹੋਵੇਗਾ।। ਭਾਈ ਜਦੋਂ ਦਸਵਾ ਜਾਮਾ ਹੋਵੇਗਾ ਤਾਂ ਨਉ ਮਹੀਨੇ ਓਹਲਾ ਰਹੇਗਾ।। ਸਲੋਕ।।

ਪਾਨਾ ਬੀੜਾ ਹਥ ਕਰ ਸਤਿਗੁਰੂ ਭਏ ਬਸੀਠ।।
ਅਰੇ ਗਨਕਾ ਉਠ ਖੜੀ ਆਉ ਹਮਾਰੇ ਮੀਤ।।
ਚੋਰ ਜਾਰ ਤਕੇ ਘਣਾ ਬਹੁ ਬਿਧ ਕਰਹਿ ਪੁਕਾਰ।।
ਸਾਂਗੀ ਸਾਗ ਪੂਰਨ ਕਰੈ ਜਪੁ ਨਾਨਕ ਨਿਰੰਕਾਰ।। ੪੫ ।।

ਤਿਸਕਾ ਪ੍ਰਮਾਰਥੁ।। ਭਾਈ ਅਜਿੱਤਿਆ ਇਕ ਅਜਿਹਾ ਸਮਾਂ ਆਵੇਗਾ ਜੋ ਗੁਰੂ ਗਨੇਕਾ ਕੇ ਪਾਸ ਜਾਵੇਗਾ ਅਤੇ ਗਨਕਾ ਗੁਰੂ ਕੀ ਕੀ ਭਗਤਣੀ ਹੋਵੇਗੀ ਅਗੋਂ ਗਨਕਾ ਪਾਨਾ ਕਾ ਬੀੜਾ ਲੈਕੇ ਉਠ ਖੜੀ ਹੋਵੇਗੀ ।।ਕਹੇਗੀ ਆਈਏ ਜੀ ਸਚੇ ਪਾਤਸਾਹੁ ਜੀ।। ਏਹੁ ਜੀਉ ਪਿੰਡ ਘਰ ਬਾਰ ਤੁਮਾਰਾ ਹੈ।। ਜਾਂ ਇਬਨੀ ਬੇਨਤੀ ਗਨਕਾ ਕਰੇਗੀ ਤਾਂ ਗੁਰੂ ਪਾਨਾ ਕਾ ਬੀੜਾ ਉਠਾਇ ਲੈਗਾ ਅਤੇ ਭਾਈ ਗੁਰੂ ਕਹੇਗਾ ਗਨਕਾ ਅਸੀ ਏਥੇ ਰਹਾਂਗੇ।। ਤਾਂ ਅਗੋ ਗਨਕਾ ਭਗਤਣੀ ਅਰਦਾਸ ਕਰੇਗੀ ਕਹੇਗੀ ਹੇ ਸਚੇ ਪਾਤਿਸਾਹੁ ਜੀ ਏਹੁ ਪਿੰਡ ਵਾ ਘਰ ਬਾਰ ਸਭ ਆਪ ਕਾ ਹੀ ਹੈ ਜੀ।। ਅਤੇ ਹੇ ਦਿਆਲ ਜੀ ਮੈਂ ਤਾਂ ਦਾਸੀ ਹਾਂ ਅਤੇ ਆਪ ਤਾ ਨਰ ਨਾਰਾਇਣ ਹੋ ਅਤੇ ਮੈਂ ਅਗਨ ਸਰੂਪ ਹਾਂ ਜੀ।। ਅਤੇ ਗਰੀਬ ਨਿਵਾਜ ਜੀ ਜਗਤ ਐਸਾਂ ਦੁਸਟ ਹੈ ਨਿੰਦਾ ਕਰਨਗੇ।। ਕਹਿਨਗੇ ਏਹੁ ਗੁਰੂ ਕੈਸਾ ਹੈ ਜੋ ਗਨਕਾ ਕੇ ਘਰ ਵਾਸ ਕਰ ਬੈਠਾ ਹੈ ਜੀ।। ਏਸ ਸੰਸਾਰ ਵਿਚ ਵਡਾ ਧੁੰਧੂਕਾਰ ਵਰਤ ਜਾਵੇਗਾ।। ਅਤੇ ਘਣੇ ਬੇਸਿਦਕ ਹੋਇ ਜਾਵਨਗੇ।। ਅਤੇ ਸਚੇ ਪਾਤਸਾਹੁ ਜੀ ਆਪ ਸਭ ਕੁਛ ਜਾਣਦੇ ਹੋ ਜੀ ਕਿਛ ਮੇਰੇ ਕਹਿਣੇ ਦੀ ਬਾਤ ਨਹੀਂ ਜੀ।। ਜਾਂ ਬਚਾ ਏਹ ਅਰਦਾਸ ਗਨਕਾ ਕਰੇਗੀ ਤਾਂ ਭਾਈ ਅਜਿਤਆ ਗੁਰੂ ਖਰਾ ਖੁਸ਼ੀ ਹੋਵੇਗਾ ਤਾਂ ਕਹਿਗਾ ਹੇ ਗਨਕਾ ਤੇਰੀ ਅਰਦਾਸ ਗੁਰੂ ਸੁਣ ਲਈ ਹੈ।। ਅਤੇ ਇਕ ਨਉ ਮਹੀਨੇ ਗੁਪਤ ਰਹਾਂਗੇ।। ਤਾਂ ਫੇਰ ਭਾਈ ਜੋ ਗਨਕਾ ਕਹੇਗੀ ਸੋ ਗੁਰੂ ਮੰਨੇਗੇ ਭਾਈ ਗਨਕਾ ਪਿਛੇ ਕਈ ਕੋਟਿ ਪਾਪੀ ਤਰ ਜਾਨਗੇ।। ਤਾਂ ਗੁਰੂ ਓਥੇ ਰਹਿਨਗੇ ਫੇਰ ਅਜਿਤਿਆ ਲੋਕ ਕਹਿਨਗੇ ਜੋ ਗੁਰੂ ਕੋਈ ਨਾਹੀ।। ਭਾਈ ਉਸਨੂੰ ਜਾਰਵਾਂ ਜਾਮਾਂ ਕਹਿਨਗੇ।। ਤਾ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸਚੇ ਪਾਤਸਾਹ ਫੇਰ ਸਿਖ ਕਿਸਕੀ ਪੈਰੀ ਪਵਨਗੇ।। ਤੇ ਕਿਉਂ ਕਰ ਵਰਤਾਰਾ ਵਰਤੇਗਾ।। ਫੇਰ ਗੁਰੂ ਆਪਣੇ ਯਾਰ ਜਾਮਾ ''ਹਿਨਗੇ ਕੇ ਹੋਰ ਕਿਤੇ ਵਰਤਨਗੇ।। ਤਾ ਬਚਨ ਹੋਇਆ।।ਭਾਈ ਅਜਿਤਿਆ ਜਿਥੇ ਸਬਦ ਮਿਹਰਬਾਨ ਹੋਦਾ ਹੈ ਤਿਥੇ ਹੀ ਬਖਸੇਗਾ।। ਕਿਆ ਘਰ ਕਿਆ ਬਾਹਰ ਏਹ ਆਂ। ਆਦਿ ਜੁਗਾਦੀ ਗੁਰੂ ਤੇ ਚੇਲੇ ਕੀ ਹੈ।। ਤੇ ਬਚਾ ਅਜਿਤਿਆ ਤੈਂ ਜੋ ਪੁਛਿਆ ਹੈ ਕੇ ਕਿਉਂ ਕਰ ਵਰਤਾਰਾ ਵਰਤੇ ਗਾ ਸੋ ਭਾਈ ਜਬ ਦਸਵਾਂ ਜਾਮਾ ਹੋਵੇਗਾ ਤੇ ਜਾਰਵਾਂ ਗੁਪਤ ਵਰਤੇਗਾ ਤਿਸ ਤੇ ਪਿਛੇ ਆਪੇ ਆਪਣੀ

ਹੋਇ ਕਰ ਵਰਤੇਗੀ।। ਅਤੇ ਕੋਈ ਕਿਸੇ ਕਉ ਬਰੇਗਾ ਨਹੀਂ ਤੇ ਸਿਖੀ ਐਸੀ ਚਲੇਗੀ ਜੋ ਮਨ ਭਾਂਵਦੀ ਕਰਨਗੇ ਅਤੇ ਕਿਤਨੇ ਹੀ ਪੰਥ ਗੁਰੂ ਕੇ ਘਰ ।ਵਚੋਂ ਨਿਕਲਨਗੇ।। ਐਸੀ ਕਲਾ ਵਰਤੇਗੀ ਕੇ ਜੈਸੇ ਇਕ ਬਾਪ ਕੇ ਬੇਟੇ ਹੋਨਗੇ ਕੋਈ ਕਿਸੇ ਨਾਲ ਵਰਤੇਗਾ ਕੋਈ ਕਿਸੇ ਨਾਲ ਵਰਤੇਗਾ।। ਸਲੋਕ।।

ਗੁਰੂ ਚੇਲੇ ਰਹਿਰਾਸਿ ਅੰਤਰਿ ਵੇਖੇ ਟੋਹਿ।।
ਸੁਆਂਗੀ ਹਰਿ ਪ੍ਰਭੁ ਹੋਇਆ ਨਹੀਂ ਮਿਲਾਵਾ ਤੋਇ।। ੪੬ ।।

ਤਿਸਕਾ ਪ੍ਰਮਾਰਥੁ।। ਭਾਈ ਅਜਿਤਿਆ ਬਾਰਵਾ ਜਾਮਾਂ ਜਦ ਗੁਰੂ ਹੋਵੇਗਾ ਨਿਰਲੇਪ ਸਭ ਤੇ ਨਿਆਰਾ ਨਿਰਲੇਪ ਸਭ ਦੁਨੀਆ ਤੇ ਨਿਆਰਾ ਰਹੇਗਾ ਅਤੇ ਆਪ ਕੋ ਜਾਣਾਵੇਗਾ ਨਾਹੀ।। ਔਰ ਨਿਰਮੋਹ ਹੋਵੇਗਾ ਅਤੇ ਆਸਰਾ ਜੋ ਲਏਗਾ ਸੋ ਇਕ ਅਕਾਲ ਪੁਰਖ ਕਾ ਲਏਗਾ ਤੇ ਤਿਸ ਕੋ ਕੋਈ ਲਖ ਨਾ ਸਕੇਗਾ ਸੁਨੀ ਸਬਦ ਉਚਰੀਐਗਾ ਔਰ ਸਬਦ ਕਮਾਈਐਗਾ।। ਅਰ ਜੋ ਸਿਖ ਹੋਵਨਗੇ ਤਿਸ ਕਉ ਭੀ ਸਬਦ ਹੀ ਦਸੇਗਾ।। ਅਰ ਤਿਸ ਕੇ ਆਸਰੇ ਮਾਰਗ ਚਲੇਗੇ।। ਇਸ ਕਰਕੇ ਜਗਤਿ ਵਿਚ ਜੈਕਾਰ ਹੋਵੇਗਾ ਅਤੇ ਉਸਤਤ ਹੋਵੇਗੀ ਅਰ ਜਹਾਂ ਤਕ ਕੋਈ ਸਿਖ ਤੁਟਾ ਭੱਨਾਂ ਹੋਵੇਗਾ ਸੋ ਸਭ ਉਸਕੀ ਪੈਰੀ ਆਨਿ ਪੈਨਗੇ।। ਸੋ ਨਵੇਂ ਸਿਰੇ ਤੇ ਸਿਖ ਹੋਵਨਗੇ ਅਤੇ ਉਨਾ ਕੋ ਬਖਸ ਕਰ ਗੁਰੂ ਏਹਿਰਾ ਹੋਵੇਗਾ।। ਅਤੇ ਜੋ ਸਿਖ ਹੋਵੇਗਾ ਸੋ ਉਸ ਜਹਾਜ ਉਪਰ ਚੜ ਕਰ ਪਾਰ ਹੋਵੇਗਾ।। ਭਾਈ ਅਜਿਤਿਆ ਕੋਈ ਸਤਿਗੁਰੂ ਨੋ ਮਿਲੇਗਾ ਸੋ ਸਭ ਰਨਾ ਗੁਰੂ ਦੀਆ ਕਬੂਲ ਕਰੇਗਾ ਤਾਂ ਸਤਿਗੁਰਾਂ ਦੇ ਸਬਦ ਨਾਲ ਭਿਜੇਗਾ ਅਤੇ ਜਿਨਾ ਪਾਸੋਂ ਰਹਿਤਾ ਤੇ ਓਹ ਕਰਮ ਨਾ ਹੋਵਨਗੇ ਅਤੇ ਸੰਸਾਰ ਦੀ ਲਾਜ ਵਿਚ ਮਰਨਗੇ ਤਾ ਭਾਈ ਉਨਾ ਨੋ ਗੁਰੂ ਕਦੀ ਨਾ ਮਿਲੇਗਾ।। ਪਰ ਜੋ ਸ੍ਰੀ ਗੁਰੂ ਜੀ ਦੇ ਵਚਨਾ ਤੇ ਬੇਮੁਖ ਹੋਵਨਗੇ ਸੋ ਗੁਰੂ ਨਾ ਮੂਹੁ ਲਾਵੇਗਾ ਅਤੇ ਗੁਰੂ ਜੀ ਕੇ ਏਹ ਵਚਨ ਹੈਨ।। ਜੋਰ ਜੁਲਮ ਚੋਰੀ ਜਾਰੀ ਪਰ ਨਿੰਦਿਆ ਜੋ ਮੇਰਾ ਸਿਖ ਹੋਵੇ ਸੋ ਏ ਬਾਤਾ ਨਾ ਕਰੇ।। ਤੇ ਜਾ ਗੁਰੂ ਜਾਮਾ ਬਦਲੇਗਾ ਤਾ ਸਭ ਸਿਖ ਓਹੀ ਕਰਮ ਕਰਨਗੇ ਜਿਸ ਕਰਕੇ ਫੇਰਿ ਨਰਕਗਾਮੀ ਹੋਵਨਗੇ ਤੇ ਗੁਰੂ ਕੇ ਸਬਦ ਦਾ ਰੰਗ ਨਾ ਚੜੇਗਾ ਓਹ ਕੋਰੇ ਹੀ ਰਹਿਨਗੇ ਸੋ ਕਲੀ ਕਾਲ ਵਿਚ ਡੁਬਣਗੇ।। ਭਾਈ ਅਜਿਤਿਆ ਦਸਵਾ ਜਾਮਾ ਵੀ ਕਰਤਾ ਰਾਹ ਦਸੇਗਾ।। ਤਾ ਫੇਰਿ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸਚੇ ਪਾਤਿਸਾਹੁ ਪਿਛਲਾ ਕਮਾਇਆ ਏਵੇ ਹੀ ਬਰਬਾਦਜਾਵੇਗਾ ਜੋ ਤੇਰਾ ਨਾਮ ਜਪਦੇ ਰਹੇ ਸਨ ਓਹ ਬੀ ਕੁਛ ਹਥ ਲਗੇ ਨੇ ਨਾਹੀ।। ਤਾ ਬਚਨ ਹੋਇਆ ਬਾਰਾ ਸਬਦ ਜੋ ਗੁਰੂ ਕਹਿਆ ਹੈ ਸੋ ਉਸ ਵਿਚ ਵੀ ਚੋਰੀ ਜਾਰੀ ਪਰ ਨਿੰਦਿਆ ਹੈ ਸੋ ਸਭ ਮਨਹਿਕੀਤੇ ਹੈਨ ਜੋ ਐਸੇ ਸਿਖ ਹੋਵਨਗੇ ਪੜਨਗੇ ਗਾਵਨਗੇ ਤੇ ਕਮਾਇ ਨਾ ਸਕਨਗੇ ਅਤੇ ਦਸਵੇ ਗੁਰੂ ਨੂੰ ਮਨ ਵਿਚ ਜਾਦ ਕਰਨਗੇ ਤੇ ਆਖਨਗੇ ਗੁਰ ਏਵੇਂ ਹੀ ਆਖਦਾ ਹੈ ਅਤੇ ਸਿਖ ਆਪਸ ਵਿਚ ਆਖਨਗੇ ਸਿਖ ਕੋਈ ਨਹੀ ਰਿਹਾ ਭਾਈ ਕਲੀ ਕਾਲ ਵਿਚ ਦਸਵਾਂ ਗੁਰੂ ਭਾਰੀ ਅਵਤਾਰ ਹੋਵੇਗਾ ਅਤੇ ਮੁਖਵਾਕਰ ਕਰਕੇ ਸਭ ਸੈ ਕਉ ਭੁਲਾਇ ਦੇਵੇਗਾ।। ਅਤੇ ਗੁਰੂ ਨਾਤੇ ਭਨਗੇ ਤਾ ਫੇਰ ਨਿੰਦਿਆ ਕਰਨਗੇ।। ਸੋ ਨਿੰਦਿਆ ਮਨਹਿ ਹੈ।। ਫੇਰ ਓਨਾ ਲੋਕਾ ਕੋ ਚਉਰਾਸੀ ਵਿਚ ਘਤੀਅਨਗੇ।। ਸਲੋਕ।।

ਮਾਸ ਕੀੜਾ ਲਗਾ ਗੁੰਇਆਰ।। ਭਰੂਕੇ ਫਕਰ ਹੋਇ ਖੁਆਰ।।
ਸਭ ਕਲ ਡੂਬੇ ਨਿੰਦ ਗੁਬਾਰ।। ਨਾਨਕ ਦਸਵਾ ਰੂਪ ਅਪਾਰ।। ੪੭।।

ਤਿਸਕਾ ਪ੍ਰਮਾਰਥੁ।। ਭਾਈ ਅਜਿਤਿਆ ਮਾਸ ਜੋ ਹੈ ਸੋ ਮਾਇਆ ਅਤੇ ਕੀੜਾ ਸੰਸਾਰ ਹੈ।। ਸੋ ਸੰਸਾਰ ਐਸਾ ਬੁਰਾ ਹੋਇਕ ਲਗੇਗਾ ਮਾਇਆ ਕੋ।। ਜੈਸੇ ਮਾਸ ਕਉ ਕੀੜਾ ਲਗਤਾ ਹੈ ਤਿਉ ਕਲੂ ਕੇ

ਲੋਕ ਮਾਇਆ ਕਉ ਲਗਨਗੇ।। ਪਰਮੇਸਰ ਕੇ ਜਪ ਤਪ ਤੇ ਭੁਲ ਜਾਵਨਗੇ।। ਭਾਈ ਅਜਿਤਿਆ ਸਬਦ ਪੜਨਗੇ ਅਤੇ ਕਮਾਇ ਨਾ ਸਕਨਗੇ ਤਾਂ ਸਬਦ ਉਲਟ ਕੈ ਮਸਾਣ ਜਿਉ ਸੰਸਾਰ ਕੋ ਜਲਾਇ ਮਾਰੇਗਾ ਗਰਸ ਲਏਗਾ ਏਹੁ ਕਲਜੁਗ ਕੇ ਲੋਕ ਅਵੇਹੇ ਨਿੰਦਿਆ ਕਰਨਗੇ ਆਪੋ ਆਪਣੇ ਮਤ ਚਲਾਵਨਗੇ।। ਤਿਤ ਸਮੈ ਗੁਰੂ ਨਜਰੀ ਨਾ ਆਵੇਗਾ ਪਾਪ ਬਹੁਤ ਹੋਵੇਗਾ ਇਸ ਰਉਸ ਕਲਜੁਗ ਸੰਸਾਰ ਕੋਊ ਭੋਗੇਗੀ।। ਜਿਉ ਕੁਦਾਚਾਰ ਇਸਤ੍ਰੀ ਹੋਤੀ ਹੈ ਅਤੇ ਖਸਮ ਉਸ ਕਉ ਤਿਆਗ ਦੇਤਾ ਹੈ ਔਰ ਦਰ ਦਰ ਖੁਆਰ ਹੋਤੀ ਫਿਰਤੀ ਹੈ ਭਉਂਕਤੀ ਹੈ ਅਤੇ ਆਪ ਕੋ ਹੀਸਾਵਤੀ ਹੈ ਉਹ ਇਸਤ੍ਰੀ ਕੀ ਨਿਆਈ ਕਲਕੇ ਲੋਕਾ ਕੋ ਗੁਰੂ ਤਿਆਗ ਦੇਵੇਗਾ ਤਾਂ ਏਹ ਭੀ ਦਰ ਦਰ ਖੁਆਰ ਹੋਵਨਗੇ।। ਪਰ ਬੀਜ ਮਾਤ੍ਰ ਕਹੀ ਕੋਟੋਂ ਮਧੇ ਸਿਖ ਰਹਿ ਜਾਵੇਗਾ ਸੋ ਆਖਨਗੇ ਜੋ ਸਚ ਗੁਰੂ ਹੈ ਅਤੇ ਭਾਣੇ ਕਾ ਖਾਂਵਦ ਹੈ ਆਪਣੇ ਚੋਜ ਕੀਤੇ ਹੈਸੁ।। ਓਹ ਕਿਸੇ ਕੀ ਨਿੰਦਾ ਨਾ ਕਰਨਗੇ।। ਤਾ ਅਜਿਤੇ ਰੰਧਾਵੇ ਅਰਦਾਸ ਕੀਤੀ ਹੈ ਸਚੇ ਪਾਤਸਾਹ ਜੋ ਸਿਖ ਤੇਰੇ ਪਾਸੋ ਤੁਟਨਗੇ ਓਹ ਫੇਰ ਬੀ ਕਿਤੇ ਬਖਸੇ ਜਾਨਗੇ ਕੇ ਨਾਹੀ ਬਖਸੇ ਜਾਣਗੇ।। ਤਾਂ ਬਚਨ ਹੋਇਆ।। ਭਾਈ ਅਜਿਤਿਆ ਓਹ ਫੇਰ ਗੁਰੂ ਤੇ ਨਵੇ ਸਿਰੇ ਮਿਲਨਗੇ ਤੇ ਬਖਸਾਵਨਗੇ ਤੇ ਗੁਰੂ ਨਵੇ ਸਿਰ ਤੇ ਸਬਦ ਦਸੇਗਾ ਤਾਂ ਫੇਰ ਸਿਦਕ ਰਖਨਗੇ ਤਾਂ ਬਖਸੇ ਜਾਨਗੇ।। ਸਲੋਕ।।

ਜੁਗਾ ਜੁਗੰਤਰ ਸਤਗੁਰੂ ਦੂਸਰ ਹੂਆ ਨ ਹੋਗ।।
ਚਉਰਾਸੀ ਜਾਮੇ ਪਹਿਰ ਕੇ ਪਾਛੇ ਹੋਇਆ ਅਲੋਪ।।
ਸਤਰ ਜਾਮੇ ਭਗਤਿ ਜਨ ਚਉਦਹਿ ਸਤਗੁਰੂ ਰਾਇ।।
ਗੁਰਮੁਖ ਹੋਇ ਸੋ ਮਿਲ ਰਹੇ ਮਨ ਮੁਖ ਮਿਲਹਿ ਸਜਾਇ।।
ਭਰ ਬੇੜੇ ਲੈ ਜਾਹਿਗੇ ਸੰਤ ਜਨਾ ਕੈ ਪੂਰਿ।।
ਬੇਮੁਖ ਤੁਟੇ ਤੁਟ ਮੂਏ ਮਨਿਮੁਖ ਭਏ ਕਬੂਲ।।
ਗੁਰਮੁਖ ਜਿੰਨੀ ਜਾਣਿਆ ਮਿਟ ਗਏ ਆਵਣ ਜਾਣ।।
ਨਾਨਕ ਜਾਤਾ ਖਸਮ ਜਿਨ ਆਪੇ ਤੇ ਪਰਵਾਣ।। ੪੮ ।।

ਤਿਸਕਾ ਪਰਮਾਰਥ।। ਜੁਗਾ ਜੁਗੰਤਰ ਗੁਰੂ ਅਟਲ ਹੈ।। ਦੂਸਰਾ ਹੋਰ ਨਾ ਕੋਈ ਹੋਇਆ ਹੈ ਨਾ ਹੋਵੇਗਾ ਅਤੇ ਗੁਰੂ ਚੌਰਾਸੀ ਜਾਮੇ ਪਹਿਰੇਗਾ।। ਜਿਸ ਵਿਚ ਸਤਰ ਜਾਮੇ ਭਗਤ ਹੋਵਨਗੇ ਅਤੇ ਚਉਦਾ ਜਾਮੇ ਗੁਰੂ ਹੋਵਨਗੇ।। ਅਤੇ ਜੋ ਕੋਈ ਗੁਰੂ ਕਉ ਮਿਲਕਰ ਲੜ ਪਕੜੇਗਾ ਸੋਈ ਉਧਰੇਗਾ ਅਤੇ ਜੋ ਗੁਰੂ ਕੇ ਸਬਦ ਪਰ ਪਰਤੀਤ ਰਖੇਗਾ ਸੋ ਬਿਨਾ ਕਮਾਈ ਤਰ ਜਾਵੇਗਾ ਨਾਲੇ ਕੁਟੰਬ ਵੀ ਉਧਰ ਜਾਵੇਗਾ ਤੇ ਜੋ ਬੇਮੁਖ ਹੋਵੇਗਾ ਸੋ ਤੁਟੇਗਾ ਤੇ ਸਜਾਇ ਵੀ ਪਾਵੇਗਾ ਔਰ ਪਰਲੋਕ ਵੀ ਜਾਂਦਾ ਰਹੇਗਾ।। ਫੇਰ ਮੁੜ ਭੰਨ ਘੜੀਅਨਗੇ ਜੋ ਖਸਮ ਕਉ ਪਛਾਨਣਗੇ ਸੋ ਆਵਾ ਗਉਣ ਤੇ ਰਹਿ ਜਾਵਣਗੇ ਬਚਾ ਅਜਿਤਿਆ ਜੋ ਗੁਰੂ ਕੇ ਲੜ ਲਗਾ ਸੋ ਮੁਕ ਹੋਵੇਗਾ।। ਤਾ ਅਜਿਤੇ ਰਧਾਵੇ ਅਰਦਾਸ ਕੀਤੀ ਹੈ ਸਤਗੁਰ ਜੀ ਤੇਰਾ ਬਚਨ ਹੋਇਆ ਹੈ ਜੋ ਇਸ ਮਹਿਲ ਕਾ ਦਰਸਨ ਕਰੇਗਾ ਸੋ ਮੁਕਤ ਪਾਵੇਗਾ ਅਤੇ ਜੋ ਸੰਸਾਰ ਪਿਛੇ ਰਹੇਗਾ ਤਿਨਾਂ ਕੀ ਕਿਉ ਕਰ ਹੋਵੇਗੀ।। ਤਾ ਬਚਨ ਹੋਇਆ ਭਾਈ ਸੁਣ।। ।।ਸਲੋਕ।।

ਧੁੰਧੂਕਾਰ ਜੋ ਵਰਤਸੀ ਨਾ ਹਿੰਦੂ ਨਾ ਮੁਸਲਮਾਨ।।
ਰਾਮ ਰਹੀਮ ਨ ਜਾਣਸੀ ਨਾ ਕੋ ਕਹੇ ਕਲਾਮ।।

ਨਾ ਗਾਇਤ੍ਰੀ ਨਾ ਤਰਪਣੇ ਨਾ ਫਾਤਿਹਾ ਨ ਦਰੂਦ।।
ਨਾ ਤੀਰਥ ਨਾ ਦੇਹੁਰਾ ਨਾ ਦੇਵੀ ਕੀ ਪੂਜ।।
ਗੁਰਮੁਖ ਕੋਇ ਨ ਜਾਣਸੀ ਨਾ ਕੋ ਲਏ ਉਪਦੇਸ।।
ਇਕ ਵਰਤਣ ਵਰਤਣੀਐ ਨ ਕੋ ਕਰੇ ਅਦੇਸ।।
ਬੇਦ ਕਤੇਬ ਨ ਜਾਣਸਨ ਨਾ ਦੁਆਰਾ ਨ ਮਸੀਤ।।
ਰੋਜਾ ਬਾਂਗ ਨ ਵਰਤ ਨੇਮ ਨਾ ਕੋ ਕਵੇ ਹਦੀਸ।।
ਕੋਇ ਨਾ ਕਿਸਕੀ ਜਾਣਸੀ ਨਾ ਕੋ ਕਰੇ ਸਲਾਮੁ।।
ਨਾਨਕ ਸਬਦ ਵਰਤਦਾ ਇਕ ਕੋਟੀ ਮਧੀ ਜਾਣ।।੪੯।।

ਤਿਸਕਾ ਪ੍ਰਮਾਰਥੁ।। ਭਾਈ ਅਜਿਤਿਆ ਜਦੋਂ ਗੁਰੂ ਏਸ ਧਰਤੀ ਉਪਰੋ ਅਦ੍ਰਿਸ਼ਟ ਹੋ ਜਾਵਨਗੇ ਤਾਂ ਪਿਛੇ ਸੰਸਾਰ ਵਿਚ ਅਸੀ ਵਰਤ ਜਾਵੇਗੀ ਜੋਕੋਈ ਕਿਸੇ ਨੂੰ ਜਾਣੇਗਾ ਨਾਹੀ ਅਤੇ ਧੁੰਧੂਕਾਰ ਵਰਤ ਜਾਸੀ ਅਵੇਹੇ ਮਨਮੁਖ ਹੋਨਗੇ ਜੋ ਕੋਈ ਨਾ ਹਿੰਦੂ ਰਹੇਗਾ ਨਾ ਮੁਸਲਮਾਨ ਰਹੇਗਾ।। ਨਾ ਰਾਮ ਕਉ ਮਨਣਗੇ ਨਾ ਰਹੀਮ ਕਉ ਮਨਣਗੇ।।ਨਾ ਗਾਇਤ੍ਰੀ ਤਰਪਣ ਇਸਨਾਨ ਨਾ ਧਰਮ ਨ ਨੇਮੁ।। ਨਾ ਤੀਰਥ ਨ ਪੂਜਾ ਨਾ ਦੇਵੀ ਨਾ ਦੇਹੁਰਾ ।। ਨ ਧਰਮਸਾਲ ਨਾ ਮਸੀਤ।। ਨਾ ਬਾਂਗ ਨਾ ਨਿਵਾਜ ਨਾ ਫਾਤਿਹਾ ਨ ਦੁਆਇ।। ਨਾ ਸਲਾਮੁ ਨ ਕੋ ਕਿਸੇ ਦਿਆਇਸੀ।। ਨਾ ਦੇਵ ਕੀ ਪੂਜਾ ਸੰਸਾਰ ਕਰੇਗਾ ਸਭ ਇਕ ਵਰਨ ਹੋਇ ਜਾਵਨਗੇ।। ਅਤੇ ਸਬਦ ਗੁਰੂ ਕਾ ਕਿਧਰੋਂ ਵਿਰਲਾ ਹੀ ਹੋਵੇਗਾ ਤਿਸ ਸਮੇਂ ਜੋਕੋਈ ਕਿਥੇ ਜਾਇ ਪ੍ਰਮੇਸਰ ਕਾ ਨਾਮੁ ਲਏਗਾ ਤਿਸਕੋ ਮਾਰਨਗੇ ਐਸਾ ਵਰਤਾਰਾ ਵਰਤ ਆਵੇਗਾ।। ਦੁਹਾਂ ਧਿਰਾਂ ਦਾ ਨਾਸ ਹੋਇ ਜਾਵੇਗਾ ਤਾਂ ਉਸ ਸਮੇਂ ਇਕ ਭਗਤ ਪੈਦਾ ਹੋਇ ਜਾਵੇਗਾ ਸੋ ਨੀਲ ਬਸਤ੍ਰ ਪਹਿਰੇਗਾ।।ਅਤੇ ਅੰਤ੍ਰਿ ਸਬਦ ਪੋਥੀਆਂ ਉਚਾਰੇਗਾ।। ਤਾਂ ਇਸ ਵਾਸਤੇ ਪ੍ਰਮੇਸਰ ਆਪ ਅਉਤਾਰੀ ਹੋਇ ਕੇ ਸਹਾਇਤਾ ਕਰੇਗਾ ਅਤੇ ਸਬਦ ਆਪ ਰਹੇ ਜਾਵੇਗਾ।। ਕੋਈ ਵਿਰਲਾ ਹੀ ਜਾਵੇਗਾ।। ਤੇ ਉਸ ਪਾਸ ਕੋਈ ਵਿਰਲਾ ਹੀ ਜਾਵੇਗਾ।। ਤਾਂ ਅਜਿਤੇ ਰੰਧਾਵੇ ਅਰਦਾਸਕੀਤੀ ਹੇ ਸਚੇ ਪਾਤਿਸਾਹੁ ਜੀ ਓਹ ਕਉਣ ਭਗਤ ਹੋਵੇਗਾ ਜੀ।।ਤਾਂ ਬਚਨ ਹੋਇਆ।। ਹੇ ਭਾਈ ਅਜਿਤਿਆ ਤੂੰ ਸੁਣ ।। ।। ਸਲੋਕ ।।

ਨਿਹਕਲੰਕੁ ਹੋਇ ਉਤਰਸੀ।। ਮਹਾਬਲੀ ਅਉਤਾਰ।।
ਸੰਤ ਰੱਛਿਆ ਜੁਗ ਜੁਗ ਮਰੇ ਦੁਸ਼ਟਾਂ ਕਰੇ ਸੰਘਾਰੁ।।
ਨਵਾ ਧਰਮ ਚਲਾਇਸੀ ਜਗ ਹੋਮ ਹੋਵਹਿ ਵਾਰੁ।।
ਨਾਨਕ ਕਲਜੁਗ ਤਾਰਸੀ ਕੀਰਤਨ ਨਾਮ ਅਧਾਰੁ।।੫੦।।

ਤਿਸਦਾ ਪਰਮਾਰਥ।। ਭਾਈ ਅਜਿਤਆ ਗੁਰੂ ਜੋ ਕਲਜੁਗ ਮੇ ਸੰਸਾਰ ਵਿਚ ਆਇਆ ਹੈ ਸੋ ਪਰ ਉਪਕਾਰ ਵਾਸਤੇ ਅਤੇ ਜਾ ਗੁਰੂ ਜਾਮਾ ਪਹਿਰਸੀ ਤਾਂ ਧੁੰਧੂਕਾਰ ਵਰਤ ਜਾਵੇਗੀ।। ਜਿਥੇ ਕੁਛ ਪੂਜਾ ਚਰਚਾ ਸੁਣਨਗੇ ਤਿਥੇ ਚੜ ਕਰ ਮਾਰਨਗੇ।। ਤੁਰਕਾ ਦਾ ਤੇਜ ਹੋਵਸੀ ਤਾਂ ਉਸ ਸਮੈ ਇਕ ਸੰਤੁ ਪੈਗੰਬਰ ਕੀ ਪੂਜਾ ਕਰੇਗਾ।। ਤੇ ਉਸਦੇ ਘਰ ਇਕ ਇਸਤ੍ਰੀ ਬਹੁਤ ਚੰਦ੍ਰੀ ਹੋਵੇਗੀ ਓਹ ਨਾਰ ਜਾਇ ਲੋਕਾ ਅਗੇ ਚੁਗਲੀ ਕਰੇਗੀ।। ਤਿਤ ਕਰਕੈ ਸੰਤ ਕੋ ਇਤਨਾ ਦੁਖ ਦੇਵਨਗੇ ਤਾਂ ਉਸ ਸੰਤ ਵਾਸਤੇ ਗੁਰੂ ਜਾਮਾ ਪਹਿਰਸੀ ਜਹਾਂ ਤੀਕਰ ਉਸ ਸੰਤ ਦਾ ਦੋਖੀ ਦੁਸਟ ਹੋਵੇਗਾ ਸੋ ਉਨਾ ਨੂੰ ਚੁਣ ਚੁਣ ਕਰ ਮਾਰੇਗਾ।। ਫੇਰ ਨਵੇ ਧਰਮ ਚਲਾਵੇਗਾ ਅਤੇ ਜਗ ਹੋਮ ਸਬਦ ਸਾਖੀ ਕੀਰਤਨ ਹੋਵਨਗੇ।।ਦੂਤੀ ਦੁਸਟ ਕਉ ਸੰਘਾਰੇਗਾ।। ਅਤੇ ਚਉਰਾਸੀ ਜਾਮੇ ਕਲਜਗ ਮੈ ਸੰਪੂਰਨ ਕਰੇਗਾ।। ਕਲਜੁਗ ਕੀ ਮਿਤ ਪੂਰਨ ਹੋਇਗੀ।। ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸਚੇ ਪਾਤਸਾਹੁ

ਜੀ ਮੈਨੂੰ ਖਖਸ.ਲਹੋ ਜੀ ਮੈ ਆਪ ਦੇ ਸਨਮੁਖ ਬਹੁਤ ਸੁਖਨ ਕੀਤੇ ਹੈਨ।। ਤਾਂ ਬਚਨ ਹੋਇਆ।। ਭਾਈ ਏਹੁ ਗਲਾਂ ਨਾਹੀ ਏਹੁ ਤਾ ਗੁਰ ਮੰਤ੍ਰ ਹੈਨ।। ਜੋ ਕੋਈ ਏਸ ਨੂੰ ਮਨ ਕਰਕੇ ਪੜੇਗਾ ਅਥਵਾ ਸੁਣੇਗਾ ਦਿਲ ਕਰਕੇ ਸੋ ਤਿਸ ਕਾ ਤੱਤ ਕਾਲ ਹੀ ਉਧਾਰ ਹੋਵੇਗਾ।। ਸਲੋਕ।।

ਅਮਰ ਚਰਨ ਗੁਰਦੇਵ ਦੇ ਜਿਹ ਜਨ ਰਿਦੇ ਬਸਾਇ।।
ਮੁਕਤਿ ਜੁਗਤਿ ਅਰ ਮਾਲ ਧਨੁ ਜੁਗੋ ਜੁਗੋਤਰ ਪਾਹਿ।।
ਸਬਦ ਅਖਰ ਜਿਸ ਮਨ ਵਸੇ ਛਿਨ ਮਹਿ ਹੋਇ ਉਧਾਰ।।
ਧੰਨ ਪ੍ਰਮਾਰਥ ਨਾਨਕਾ ਜਿਤ ਲਗ ਤਰੇ ਸੰਸਾਰ।।੫੧।।

ਤਿਸਕਾ ਪ੍ਰਮਾਰਥ।। ਭਾਈ ਅਜਿਤਿਆ ਜੋ ਕੋਈ ਸਬਦਕੋਖੋਜੇਗਾ ਤੇ ਮਨ ਵਿਖੇ ਵਸਾਵੇਗਾ ਤਾਂ ਉਸਦਾ ਤਤਕਾਲ ਹੀ ਉਧਾਰ ਹੋਇ ਜਾਵੇਗਾ।। ਭਾਵੇ ਖੱਤ੍ਰੀ ਵਾ ਬ੍ਰਹਮਣ ਵੈਸ ਸੂਦਰ ਚੰਡਾਲ ਹੋਵੇਂ ਜੋ ਸਬਦ ਗੁਰੂ ਕੇ ਖੋਜੇਗਾ ਤਿਸਕਾ ਉਧਾਰ ਹੋਵੇਗਾ ਅਤੇ ਬਹਾ ਓਹ ਪ੍ਰਮਾਰਥ ਵੀ ਧੰਨ ਹੈ ਜਿਸ ਕਰਕੇ ਸੰਸਾਰ ਤਰੇਗਾ।। ਏਹੁ ਹਰਿਧਨ ਜੁਗਾ ਜੁਗੰਤਰ ਨਿਖੁਟੇਗਾ ਨਾਹੀ।। ਹਰਿ ਕੇ ਨਾਮ ਰੂਪੀ ਜੋ ਧਨ ਹੈ ਸੋ ਅਖੁਟ ਭੰਡਾਰ ਹੈ।। ਬੋਲਹੁ ਭਾਈ ਜੀ ਵਾਹਿਗੁਰੂ।। ਸਲੋਕ।।

ਗੋਸਟਿ ਸਤਿਗੁਰੂ ਨਾਨਕ ਨਿਰੰਕਾਰ ਜੀ ਨਾਲ ਅਜਿਤੇ ਕੀਆ ਉਚਾਰੁ।।
ਜੋ ਸਿਖ ਪੜੇ ਪ੍ਰੀਤਿ ਕਰ ਸੋਈ ਉਤਰੈ ਪਾਰੁ।। ਦੋਹਰਾ।।
ਜਨਮ ਮਰਨ ਤਾ ਕਾ ਮਿਟੈ ਪੜੈ ਜੁ ਪ੍ਰੀਤਿ ਲਗਾਇ।।
ਜੀਵਨ ਤਿਸਕਾ ਸਫਲ ਹੈ ਨਾਨਕ ਨਾਮ ਧਿਆਇ।।
ਨਾਨਕ ਮੂਰਤਿ ਨਾਮ ਕੀ ਜਪਿਆ ਸਭ ਦੁਖ ਦੂਰਿ।।
ਨਾਨਕ ਤਿਸ ਬਲਿਹਾਰਣੇ ਜੋ ਰਹਿਦੇ ਸਦਾ ਹਜੂਰ
ਗੋਸਟਿ ਅਜਿਤੇ ਰੰਧਾਵੇਕੀ ਸੰਪੂਰਨ।। ਸੁਭ ਮਸਤੁ।।

ਪ੍ਰਿੰਸੀਪਲ ਬਿਅੰਤ ਕੌਰ,
ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨਿਅਰ ਸੈਕੰਡਰੀ ਸਕੂਲ,
ਐਫ-213 ਏ ਮਾਨ ਸਰੋਵਰ ਗਾਰਡਨ,
ਨਵੀਂ ਦਿੱਲੀ- 110015.

****